ਮੁੱਲ 35/-



ਪੰਥ ਰਤਨ
ਗਿਆਨੀ ਦਿੱਤ ਸਿੰਘ ਜੀ
21 ਅਪ੍ਰੈਲ 1850 - 6 ਸਤੰਬਰ 1901

ਭਾਈ ਦਿੱਤ ਸਿੰਘ ਪੱਤ੍ਰਿਕਾ

ਅੰਕ 123 ਸਾਲ 11 6 ਮਾਰਚ 2020 (ਮਾਸਿਕ, ਪੰਜਾਬੀ) ਕੁੱਲ ਪੰਨੇ 48

ਜਿਤੁ ਜੰਮੇ ਰਾਜਾਨ

ਬਾਬੇ ਨਾਨਕ ਲਾਇਆ ਹੋਕਾ, ਇਸਤਰੀ ਬਹੁਤ ਮਹਾਨ।
ਸੋ ਕਿਉਂ ਮੰਦਾ ਆਖੀਏ ਜਿਤ ਜੰਮੇ ਰਾਜਾਨ।
ਮੁਢ ਕਦੀਮੋ ਲਤਾੜੀ ਜਾਂਦੀ ਰਹੀ ਵਿਚਾਰੀ ਔਰਤ।
ਤੁਲਸੀ ਦਾਸ ਵਰਗਿਆਂ ਸਮਝਿਆ ਪਸ਼ੂ, ਗਵਾਰ ਸਮਾਨ।
ਨਾਨਕ ਨਿਰਮਲ ਪੰਥ ਚਲਾਇਆ ਸਿਕਾ ਮਾਰਿਆ ਜਗਤ 'ਚ।
ਚਾਰ ਉਦਾਸੀਆਂ ਕਰਨ ਸਮੇਂ ਕਰ ਲਈ ਸੀ ਪਹਿਚਾਣ।
ਹਰ ਖੇਤਰ ਵਿੱਚ ਪਾਇਆ ਵਡਮੁੱਲਾ ਹਿੱਸਾ ਔਰਤ ਨੇ।
ਵਾਹ ਵਾਹ ਖੱਟੀ ਆਪਣੇ ਬਲ 'ਤੇ ਖੱਟਿਆ ਬੜਾ ਹੀ ਮਾਣ।
ਪਤੀ ਵਾਰਿਆ ਪੋਤਰੇ ਵਾਰੇ ਕੌਮ 'ਤੇ ਮਾਤਾ ਗੁਜਰੀ ਨੇ।
ਆਪਾ ਵਰ ਕੇ ਕੌਮ 'ਤੇ ਬਣ ਗਈ ਦੁਨੀਆਂ ਵਿੱਚ ਮਹਾਨ।

ਸਮਾ ਬਦਲਿਆ ਔਰਤ ਨੇ ਵੀ ਆਪੇ ਨੂੰ ਬਦਲ ਲਿਆ।
ਤਾਹੀਓਂ ਦੁਨੀਆਂ ਕਰਨ ਲੱਗੀ ਏ ਹੁਣ ਇਹਦਾ ਗੁਣਗਾਣ।
ਕਵੀਤਾ ਕੀਰਤਨ ਕਰਦੀ ਅਤੇ ਢਾਡੀ ਜਥੇ ਬਣਾਏ ਔਰਤ ਨੇ।
ਹਰ ਗੁਰਦੁਆਰੇ, ਦੀਵਾਨਾਂ ਵਿੱਚ ਮਿਲਦਾ ਇਸ ਨੂੰ ਹੈ ਸਨਮਾਨ।
ਪਰ ਦਰਬਾਰ ਸਾਹਿਬ 'ਚ ਜਾਕੇ ਕੀਰਤਨ ਨਹੀਂ ਇਹ ਕਰ ਸਕਦੀ।
ਸ਼੍ਰੋਮਣੀ ਕਮੇਟੀ ਇਸ ਮਸਲੇ 'ਚ ਕਰਦੀ ਆ ਰਹੀ ਹੈ ਅਪਮਾਨ।
ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ 'ਤੇ ਆਸਾਂ ਨੇ
ਪਰ ਅਫਸੋਸ ਕਿ ਅਜੇ ਤੱਕ ਉਸ ਨੇ ਦਿੱਤਾ ਨਹੀਂ ਧਿਆਨ।
ਪੰਜਾਬ ਸਰਕਾਰ ਨੇ ਹੱਕ 'ਚ ਮਤਾ ਪਾਸ ਹੈ ਕਰ ਦਿੱਤਾ।
ਨਸੀਬ ਕਲੌੜੀਆ ਕਰੇ ਪ੍ਰੋੜਤਾ ਕਿ ਕਰੋ ਔਰਤ ਨੂੰ ਬਲਵਾਨ।

ਪ੍ਰਿੰ: ਨਸੀਬ ਸਿੰਘ ਕਲੌੜ

ਅੰਦਰ ਪੜ੍ਹੋ ਸੰਪਾਦਕੀ

ਔਰਤ ਅਤੀ ਸਨਮਾਨ ਦੀ ਪਾਤਰ ਹੈ। ਬਾਬੇ ਨਾਨਕ ਇਸ ਦੀ ਵਡਿਆਈ ਲਈ ਆਪਣੀ ਬਾਣੀ ਵਿੱਚ ਸ਼ਬਦ ਦਰਜ ਕੀਤੇ ਹਨ। ਮਰਦ ਦੇ ਬਰਾਬਰ ਦਰਜਾ ਦਿੱਤਾ ਹੈ। ਫਿਰ ਵੀ ਦਰਬਾਰ ਸਾਹਿਬ ਵਿਖੇ ਇਸ ਦੇ ਕੀਰਤਨ ਕਰਨ 'ਤੇ ਪਾਬੰਧੀ ਕਿਉਂ...???

ਪੱਤ੍ਰਿਕਾ ਇੰਟਰਨੈੱਟ 'ਤੇ ਪੜ੍ਹੀ ਜਾ ਸਕਦੀ ਹੈ: **http://bhaiditsinghpatrika.blogspot.in/**
ਲੇਖਕ ਆਪਣੀਆਂ ਰਚਨਾਵਾਂ ਈ-ਮੇਲ ਦੇ ਭੇਜਣ: bhaiditsinghpatrikachd@gmail.com or bhaiditsinghpatrika@yahoo.com

ਸਿੱਖ ਕੁੜੀਏ ਸਿੱਖੀ 'ਤੇ ਤੂੰ........



ਪ੍ਰਿੰ: ਨਸੀਬ ਸਿੰਘ ਸੇਵਕ

ਸਿੱਖ ਕੁੜੀਏ ਸਿੱਖੀ 'ਤੇ ਤੂੰ, ਇਕ ਅਹਿਸਾਨ ਕਰਦੇ,
ਆਪਣੀ ਇਕ ਸੋਚ ਨੂੰ, ਇਸ ਤੋਂ ਕੁਰਬਾਨ ਕਰਦੇ।
ਰੂਹ ਮਾਤਾ ਗੁਜਰੀ ਦੀ, ਅੱਜ ਤੈਨੂੰ ਪੁਕਾਰ ਰਹੀ ਏ,
ਦੇਖ ਮਾਤਾ ਸਾਹਿਬ ਕੌਰ, ਤੈਨੂੰ ਵੰਗਾਰ ਰਹੀ ਏ।
ਬਣਕੇ ਅੱਜ ਦੀ ਮਾਤਾ ਭਾਗੋ, ਨਵੀਂ ਤੂੰ ਗੱਲ ਕਰਦੇ,
ਤਾਣਾਂ ਉਲਝਿਆ ਸਿਰਾਂ 'ਤੇ, ਦਸਤਾਰਾਂ ਦਾ ਹੱਲ ਕਰਦੇ।
ਘੋਣ-ਮੋਨ ਹੋਏ ਸਿੱਖਾਂ ਦੇ ਕਾਕੇ, ਤੇ ਰੋਹਬ ਸਰਦਾਰੀ ਦਾ,
ਤੂੰ ਵੀ ਤਾਂ ਹਿੱਸਾ ਬਣੀ ਹੋਈ ਏਂ, ਇਸ ਬਿਮਾਰੀ ਦਾ।
ਕਿਸੇ ਦੀ ਧੀ, ਭੈਣ, ਮਾਂ, ਦੋਸਤ ਤੇ ਪਤਨੀ ਲੱਗਦੀ ਏਂ ਤੂੰ,
ਸੱਚ ਇਹ ਹੈ ਹਰ ਰਿਸ਼ਤੇ ਵਿੱਚ, ਚਹੇਤੀ ਸੱਭ ਦੀ ਏਂ ਤੂੰ।

ਸਿੱਖ ਧਰਮ 'ਚ ਤੈਨੂੰ, ਬਹੁਤ ਜ਼ਿਆਦਾ ਸਤਿਕਾਰ ਦਿੱਤਾ ਏ,
"ਜਿਤੁ ਜੰਮਹਿ ਰਾਜਾਨ" ਕਹਿ ਕੇ, ਤੈਨੂੰ ਉਭਾਰ ਦਿੱਤਾ ਏ।
ਤੂੰ ਹਰ ਖੇਤਰ ਵਿੱਚ ਹੀ ਭੈਣੇ ਮੋਹਰੀ ਰੋਲ ਨਿਭਾਇਆ ਏ,
ਦੁਨੀਆਂ ਦੀ ਹਰ, ਤਰੱਕੀ 'ਚ, ਤੂੰ ਵਾਧੂ ਹਿੱਸਾ ਪਾਇਆ ਏ।
ਸਿੱਖੀ ਲਈ ਵੀ ਤੂੰ ਮੋਹਰੀ ਰੋਲ, ਅਦਾ ਕਰ ਸਕਦੀ ਏਂ,
ਸਿਰੋਂ ਲੱਥੀਆਂ ਪੱਗਾਂ, ਮੁੜ ਸਿਰਾਂ 'ਤੇ ਧਰ ਸਕਦੀ ਏਂ।
ਇੱਕ ਹੋਕਾ ਦੇ ਕੇ ਵੇਖ ਕਿ, ਵਿਆਹ ਪੱਗੜੀ ਵਾਲੇ ਨਾਲ ਕਰਾਵੇਂਗੀ।
ਦਸਤਾਰਾਂ ਦਾ ਹੜ੍ਹ ਆ ਜਾਵੇਗਾ, ਦੁਨੀਆਂ 'ਚ ਸੋਭਾ ਪਾਵੇਂਗੀ।
'ਨਸੀਬ' 'ਕਲੌੜੀਆ' ਤੇਰਾ ਇਹ ਸੁਨੇਹਾ, ਘਰ-ਘਰ ਪਹੁੰਚਾਵੇਗਾ।
ਸਿੱਖ ਇਤਿਹਾਸ ਦੇ ਪੰਨਿਆਂ ਵਿਚ, ਤੇਰਾ ਨਾਂ ਵੀ ਲਿਖਿਆ ਜਾਵੇਗਾ।

****

ਫਰਵਰੀ 2020 ਮਹੀਨੇ ਦੇ ਦਾਨੀਆਂ ਦੀ ਸੂਚੀ

1. ਸ. ਰਾਜਿੰਦਰ ਸਿੰਘ ਸਸਕਾਤੂਨ ਕਨੇਡਾ ਸ਼੍ਰੀ ਐਸ.ਕੇ. ਲਖਣਪਾਲ C/o ਬੀਬੀ ਉਸ਼ਾ ਰਾਣੀ ਸ਼ੇਰ ਸਪੁੱਤਰੀ ਡਾ. ਬਲਦੇਵ ਸਿੰਘ ਤੇ ਪੋਤਰੀ ਗਿਆਨੀ ਦਿੱਤ ਸਿੰਘ 10,000/-
2. ਸ. ਤਲਵਿੰਦਰ ਸਿੰਘ ਡੇਰਾਬੱਸੀ.. 3,100/-
3. ਸ. ਜਸਪਾਲ ਸਿੰਘ ਕੰਵਲ.. 3,100/-

ਆਈ ਕੁੱਲ ਸਹਾਇਤਾ 16,200/-

ਪੱਤ੍ਰਿਕਾ 'ਤੇ ਫਰਵਰੀ 2020 ਦਾ ਖਰਚਾ ਕੁਲ ਖਰਚਾ 45,200/-

ਵਾਧੂ ਖਰਚਾ 29,000/-

ਪੱਤ੍ਰਿਕਾ ਦੀ ਸਹਾਇਤਾ ਲਈ

ਸੰਪਾਦਕ ਭਾਈ ਦਿੱਤ ਸਿੰਘ ਪੱਤ੍ਰਿਕਾ

ਖਾਤਾ ਨੰ: 65139724105, IFSCode: SBIN0050435 swift

ਬਰਾਂਚ: ਸਟੇਟ ਬੈਂਕ ਆਫ਼ ਇੰਡੀਆ, ਸਾਖਾ ਕਜਹੇੜੀ, ਚੰਡੀਗੜ੍ਹ



ਭਾਈ ਦਿੱਤ ਸਿੰਘ ਪੱਤ੍ਰਿਕਾ

ਮੁੱਲ 35/-
ਗਿਆਨੀ ਦਿੱਤ ਸਿੰਘ ਮੈਮੋਰੀਅਲ ਟਰੱਸਟ (ਰਜਿ:) ਦੀ ਸਰਪ੍ਰਸਤੀ ਅਧੀਨ

ਅੰਕ 123 • ਸਾਲ 11 • 6 ਮਾਰਚ 2020 (ਮਾਸ੍ਰਿਕ,ਪੰਜਾਬੀ) • ਕੁੱਲ ਪੰਨੇ 48

ਚੰਦਿਆਂ ਦਾ ਵੇਰਵਾ

ਸਮਾਂ	ਦੇਸ਼ 'ਚ	ਵਿਦੇਸ਼ 'ਚ
ਸਾਲਾਨਾ	400/-	$ 70
ਪੰਜ ਸਾਲ	1600/-	$ 350
ਲਾਈਫ ਮੈਂਬਰ	12,000/-	$ 3000

ਤਤਕਰਾ


ਰਚਨਾਵਾਂ ਭੇਜਣ ਲਈ ਪਤਾ: ਭਾਈ ਦਿੱਤ ਸਿੰਘ ਪੱਤ੍ਰਿਕਾ # 712, ਅਨੰਦਪੁਰ ਕੰਪਲੈਕਸ, ਕਜਹੇੜੀ, ਯੂ.ਟੀ.ਚੰਡੀਗੜ੍ਹ-160036 ਫੋਨ: 9465216530

ਈ-ਮੇਲ - bhaiditsinghpatrikachd@gmail.com or bhaiditsinghpatrika@yahoo.com

ਪੱਤ੍ਰਿਕਾ ਇੰਟਰਨੈੱਟ 'ਤੇ ਪੜ੍ਹੀ ਜਾ ਸਕਦੀ ਹੈ: http://bhaiditsinghpatrika.blogspot.in/

ਛਾਪਕ, ਆਰ.ਕੇ. ਸ਼ਰਮਾ ਅਤੇ ਪ੍ਰਕਾਸ਼ਕ ਸ. ਨਸੀਬ ਸਿੰਘ ਸੇਵਕ ਨੇ ਮਾਲਕ ਸ. ਨਸੀਬ ਸਿੰਘ ਸੇਵਕ ਦੇ ਤੌਰ 'ਤੇ ਦੁਰਗਾ ਪ੍ਰਿੰਟ-ਓ-ਪੈਕ ਕਜਹੇੜੀ ਚੰਡੀਗੜ੍ਹ ਫੋਨ: 0172-2667070 ਤੋਂ ਛਪਵਾ ਕੇ 712, ਅਨੰਦਪੁਰ ਕੰਪਲੈਕਸ ਕਜਹੇੜੀ (ਚੰਡੀਗੜ੍ਹ) ਤੋਂ ਪ੍ਰਕਾਸ਼ਿਤ ਕੀਤਾ। ਸੰਪਾਦਕ ਪ੍ਰਿੰ: ਨਸੀਬ ਸਿੰਘ ਸੇਵਕ

ਔਰਤ ਅਤੀ ਸਨਮਾਨ ਦੀ ਪਾਤਰ ਹੈ। ਬਾਬੇ ਨਾਨਕ ਇਸ ਦੀ ਵਡਿਆਈ ਲਈ ਆਪਣੀ ਬਾਣੀ ਵਿੱਚ ਸ਼ਬਦ ਦਰਜ ਕੀਤੇ ਹਨ। ਮਰਦ ਦੇ ਬਰਾਬਰ ਦਰਜਾ ਦਿੱਤਾ ਹੈ। ਫਿਰ ਵੀ ਦਰਬਾਰ ਸਾਹਿਬ ਵਿਖੇ ਇਸ ਦੇ ਕੀਰਤਨ ਕਰਨ 'ਤੇ ਪਾਬੰਧੀ ਕਿਉਂ...???



ਪ੍ਰਿੰ: ਨਸੀਬ ਸਿੰਘ ਸੇਵਕ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੁਨੀਆਂ ਦਾ ਇਕ ਵੱਡ ਅਕਾਰੀ ਸਰਬ ਸਾਂਝਾਂ ਗ੍ਰੰਥ ਹੈ ਜਿਸ ਵਿੱਚ 6 ਗੁਰੂਆਂ, 15 ਭਗਤਾਂ, 11 ਭੱਟਾਂ ਅਤੇ ਚਾਰ ਗੁਰਸਿੱਖਾਂ ਦੀ ਬਾਣੀ ਵੀ ਦਰਜ ਕੀਤੀ ਗਈ ਹੈ ਇਸ ਤੋਂ ਸਾਂਝੀਵਾਲਤਾ ਦਾ ਇਕ ਵਡੇਰਾ ਸੁਨੇਹਾ ਦੁਨੀਆਂ ਨੂੰ ਮਿਲਦਾ ਹੈ। ਇਸਤਰੀ ਜਾਤੀ ਨੂੰ ਅਤੀ ਮਹੱਤਤਾ ਦਿੱਤੀ ਗਈ ਹੈ ਉਸ ਦੇ ਮਾਣ ਵਿੱਚ ਗੁਰੂ ਨਾਨਕ ਸਾਹਿਬ ਜੀ ਨੇ ਆਸਾ ਦੀ ਵਾਰ ਵਿੱਚ ਇਕ ਬਹੁਤ ਪਿਆਰਾ ਸ਼ਬਦ ਉਚਾਰਿਆ ਹੈ ਜੋ ਮਾਨਵਤਾ ਲਈ ਇਕ ਸੁਨੇਹਾ ਹੈ, ਸੰਦੇਸ਼ ਹੈ:

ਮਃ 1 ॥

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥
ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥
ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥
ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ॥
ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ ॥

ਅਰਥ: ਮਨੁੱਖ ਅਤੇ ਇਸਤ੍ਰੀ, ਜੋ ਵੀ ਮਨੁੱਖ ਜਾਤੀ ਹੈ ਇਸ ਇਸਤ੍ਰੀ ਤੋਂ ਜੰਮਦੀ ਹੈ, ਪੈਦਾ ਹੁੰਦੀ ਹੈ। ਮਾਂ ਦੇ ਪੇਟ ਵਿੱਚ ਸਰੀਰ ਨਿੰਮਦਾ (ਬਣਦਾ) ਹੈ, ਜੁਆਨ ਹੋਣ ਤੇ ਇਸਤ੍ਰੀ ਨਾਲ ਹੀ ਮਨੁੱਖ ਦੀ ਮੰਗਣੀ ਅਤੇ ਵਿਆਹ ਹੁੰਦਾ ਹੈ। ਇਸਤ੍ਰੀ ਨਾਲ ਹੀ ਦੋਸਤੀ ਹੁੰਦੀ ਹੈ। ਇਸਤ੍ਰੀ ਨਾਲ ਹੀ ਸੰਸਾਰ ਦਾ ਵਰਤ ਵਿਹਾਰ ਹੁੰਦਾ ਹੈ। ਜਦੋਂ ਕਿਸੀ ਦੀ ਪਤਨੀ ਮਰ ਜਾਵੇ ਤਾਂ ਦੂਜੀ ਇਸਤ੍ਰੀ ਲੱਭੀ ਜਾਂਦੀ ਹੈ ਅਤੇ ਇਸਤ੍ਰੀ ਨਾਲ ਹੀ ਰਿਸ਼ਤੇ ਨਾਤੇ ਹੁੰਦੇ ਹਨ। ਇਸਤ੍ਰੀ ਨੂੰ ਕਿਉਂ ਨਿੰਦਿਆ ਜਾਵੇ ਜਿਸ ਤੋਂ ਰਾਜੇ ਮਹਾਰਾਜੇ ਵੀ ਪੈਦਾ ਹੁੰਦੇ ਹਨ?

ਇਸਤ੍ਰੀ ਤੋਂ ਹੀ ਇਸਤ੍ਰੀ ਪੈਦਾ ਹੁੰਦੀ ਹੈ। ਭੰਡ ਤੋਂ ਬਿਨਾਂ ਕੋਈ ਜੀਵ ਪੈਦਾ ਨਹੀਂ ਹੋ ਸਕਦਾ। ਗੁਰੂ ਨਾਨਕ ਸਾਹਿਬ ਆਖਦੇ ਹਨ ਕਿ ਜੇਕਰ ਕੋਈ ਇਸਤ੍ਰੀ ਤੋਂ ਬਾਹਰਾ ਹੈ ਉਹ ਕੇਵਲ ਇਕੋ ਪਰਮਾਤਮਾ ਹੈ। ਚੰਗੇ ਭਾਗਾਂ ਨਾਲ ਜਿਸ ਮੁੱਖ ਨਾਲ ਵਾਹਿਗੁਰੂ ਜੀ ਦੀ ਸਿਫਤ ਸਾਲਾਹ ਕੀਤੀ ਜਾਂਦੀ ਹੈ, ਉਹ ਮੁੱਖ ਸੋਹਣੇ ਹਨ ਅਤੇ ਵਾਹਿਗੁਰੂ ਜੀ ਦੇ ਦਰਬਾਰ ਵਿੱਚ ਉਨ੍ਹਾਂ ਦੇ ਮੁੱਖ ਉਜਲੇ, ਸੁੰਦਰ ਲੱਗਦੇ ਹਨ।

ਬਾਬੇ ਨਾਨਕ ਤੋਂ ਪਹਿਲਾਂ ਵੀ ਪੁਰਾਤਨ ਭਾਰਤ ਮੌਕੇ ਇਸਤਰੀਆਂ ਨੂੰ ਮਰਦ ਦੇ ਬਰਾਬਰ ਦਾ ਦਰਜਾ ਦਿੱਤਾ ਜਾਂਦਾ ਸੀ। ਪੁਰਾਤਨ ਰਾਜਿਆਂ ਨੇ ਔਰਤ ਨੂੰ ਵੱਡੇ ਅਹੁਦਿਆਂ ਨਾਲ ਨਿਵਾਜਿਆ। ਔਰਤ ਤੇ ਕੋਈ ਪਾਬੰਧੀ ਨਹੀਂ ਸੀ ਉਸ ਦੇ ਘੁੰਮਣ ਫਿਰਨ ਵਿੱਚ ਵੀ ਪੂਰੀ ਖੁੱਲ ਸੀ ਭਾਵ ਉਹ ਪੂਰੀ ਤਰ੍ਹਾਂ ਆਜ਼ਾਦ ਸੀ ਪਰ ਬਾਹਰੋਂ ਆਏ ਆਰੀਆ ਲੋਕਾਂ ਨੇ ਭਾਰਤ ਦੀ ਅਮੀਰ ਸਭਿਅਤਾ ਨੂੰ ਚਲਾਕੀ ਅਤੇ ਧੋਖੇ ਨਾਲ ਤਹਿਸ਼-ਨਹਿਸ਼ ਕਰਕੇ ਰੱਖ ਦਿੱਤਾ ਅਤੇ ਬ੍ਰਾਹਮਣੀ ਕਲਚਰ ਲੋਕਾਂ ਤੇ ਹਾਵੀ ਕਰ ਦਿੱਤਾ ਗਿਆ। ਚਾਰ ਵਰਣ ਬਣਾ ਕੇ ਸ਼ੂਦਰ ਲੋਕਾਂ ਨੂੰ ਅਤਿ ਨੀਚ ਬਣਾ ਦਿੱਤਾ ਅਤੇ ਇਸਤਰੀ ਨੂੰ ਇਨ੍ਹਾਂ ਤੋਂ ਵੀ ਨੀਚ ਗਰਦਾਨਿਆ ਗਿਆ। ਔਰਤ ਨੂੰ ਨਰਕ ਸਵਰਗ ਦੇ ਡਰਾਵੇ ਦੇ ਕੇ ਕਾਨੂੰਨ ਲਾਗੂ ਕੀਤੇ ਗਏ। ਹਿੰਦੂ ਧਰਮ ਗ੍ਰੰਥਾਂ

ਅਨੁਸਾਰ ਇਸਤਰੀ ਨੂੰ ਅਤੀ ਨੀਚ ਸਮਾਝਿਆ ਜਾਂਦਾ ਸੀ। ਤੁਲਸੀ ਦਾਸ ਨੇ ਇਸਤਰੀ ਬਾਰੇ ਲਿਖਿਆ ਹੈ:

ਪਸ਼ੂ, ਗਵਾਰ, ਢੋਲ, ਔਰ ਨਾਰੀ
ਇਹ ਚਾਰੇ ਤਾੜਨ ਕੇ ਅਧਿਕਾਰੀ

ਬਾਬੇ ਨਾਨਕ ਨੇ ਸਮੇਂ ਦੀ ਨਜਾਕਤ ਨੂੰ ਦੇਖਦੇ ਹੋਏ ਬ੍ਰਿਪਰਵਾਦੀ ਕਰਮ-ਕਾਂਡ ਅਤੇ ਪਾਖੰਡ ਆਦਿ ਹਰ ਤਰ੍ਹਾਂ ਦੀਆਂ ਮਨੌਤਾਂ ਨੂੰ ਰੱਦ ਕਰਕੇ ਇਕ ਨਿਰਲੇਪ ਨਿਰਾਲਾ ਨਿਰਮਲ ਪੰਥ ਚਲਾਇਆ ਅਤੇ ਨਾਲ ਹੀ ਇਸਤਰੀ ਜਾਤੀ ਨੂੰ ਵੀ ਮਨੁੱਖਾਂ ਦੇ ਬਰਾਬਰ ਦਰਜਾ ਦੇਕੇ ਸਨਮਾਨਿਆ ਅਤੇ ਬ੍ਰਾਹਮਣੀ ਗਰੰਥਾਂ ਦੇ ਕਾਨੂੰਨਾਂ ਅਤੇ ਰੀਤੀ ਰਿਵਾਜਾਂ ਨੂੰ ਵੰਗਾਰ ਕੇ ਕਿਹਾ ਸੀ:

ਨੀਚਾਂ ਅੰਦਰਿ ਨੀਚੁ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥

ਇਸ ਦਾ ਭਾਵ ਇਹ ਹੈ ਕਿ ਸ਼ੂਦਰ ਨੀਚ ਜਾਤ ਹੈ ਤੇ ਉਨ੍ਹਾਂ ਦਾ ਸਾਥੀ ਬਾਬਾ ਨਾਨਕ ਹੈ। ਸ਼ੂਦਰਾਂ ਤੋਂ ਵੀ ਨੀਚ ਜਾਤ ਹੈ ਔਰਤ। ਉਸ ਦਾ ਦੁਖ ਦਰਦ ਵੀ ਬਾਬੇ ਨਾਨਕ ਨੇ ਵੰਡਾਇਆ। ਉਸ ਨੂੰ ਉਪਰ ਚੁੱਕਣ ਲਈ ਗੰਭੀਰ ਕਦਮ ਚੁੱਕੇ ਤੇ ਬ੍ਰਾਹਮਣੀ ਗ੍ਰੰਥਾਂ ਦੇ ਇਨ੍ਹਾਂ ਨਿਯਮਾਂ ਨੂੰ ਰੱਦ ਕੀਤਾ ਹੋਇਆ ਹੈ।

ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਪਾਹੁਲ ਦੇਕੇ ਖਾਲਸਾ ਪੰਥ ਦੀ ਸਾਜਨਾ ਕੀਤੀ ਜਿਸ ਅਨੁਸਾਰ ਮਰਦ ਇਸਤਰੀ ਵਿੱਚ ਕੋਈ ਭੇਦ ਨਹੀਂ ਰੱਖਿਆ। ਸਿੱਖ ਇਤਿਹਾਸ ਨੂੰ ਫਰੋਲਦਿਆਂ ਪਤਾ ਚਲਦਾ ਹੈ ਕਿ ਅਨੇਕਾਂ ਹੀ ਸਿੱਖ ਔਰਤਾਂ ਨੇ ਸਿੱਖੀ ਅਤੇ ਸਮਾਜ ਲਈ ਅਨੇਕਾਂ ਹੀ ਵਰਨਣ ਯੋਗ ਕਾਰਜ ਕੀਤੇ ਹਨ ਜਿਸ ਦੀ ਬਦੌਲਤ ਉਨ੍ਹਾਂ ਦੇ ਨਾਂ ਇਤਿਹਾਸ ਵਿੱਚ ਦਰਜ ਹਨ ਅਤੇ ਉਨ੍ਹਾਂ ਨੂੰ ਅਤੀ ਸਨਮਾਨ ਦਿੱਤਾ ਜਾਂਦਾ ਹੈ। ਸਭ ਤੋਂ ਪਹਿਲਾ ਨਾ ਬਾਬੇ ਨਾਨਕ ਜੀ ਦੀ ਵੱਡੀ ਭੈਣ ਨਾਨਕੀ ਦਾ ਨਾਂ ਹੈ ਜਿਸ ਨੇ ਸਭ ਤੋਂ ਪਹਿਲਾਂ ਗੁਰੂ ਨਾਨਕ ਸਾਹਿਬ ਜੀ ਦੀ ਪਹਿਚਾਣ ਕੀਤੀ ਸੀ। ਬੀਬੀ ਭਾਨੀ ਜੀ, ਮਾਤਾ ਗੁਜਰ ਕੌਰ ਜੀ, ਮਾਤਾ ਸੁੰਦਰ ਜੀ, ਸਾਹਿਬ ਦੇਵਾ ਜੀ ਆਦਿ ਅਤਿ ਸਤਿਕਾਰ ਦੀਆਂ ਪਾਤਰ ਇਸਤਰੀਆਂ ਗੁਰੂਆਂ ਨਾਲ ਸਬੰਧਤ ਹਨ ਅਤੇ ਬਾਅਦ ਵਿੱਚ ਮਾਤਾ ਭਾਗੋ, ਜਿੰਦਾ ਰਾਣੀ ਅਤੇ ਅਜੋਕੇ ਸਮੇਂ ਵਿੱਚ ਅਨੇਕਾਂ ਔਰਤਾਂ ਨੇ ਜ਼ਿਕਰ ਯੋਗ ਕੰਮ ਕੀਤੇ ਹਨ। ਬੀਬੀਆਂ ਦੇ ਢਾਡੀ ਜਥੇ ਕਵੀ, ਕੀਰਤਨੀ, ਸੁਖਮਨੀ ਸਾਹਿਬ ਜਥੇ ਆਮ ਸੁਣੇ ਜਾਂਦੇ ਹਨ। ਸਭ ਤੋਂ ਪਹਿਲਾਂ ਨਾਭੇ ਵਾਲੀਆਂ ਬੀਬੀਆਂ ਦੇ ਜਥੇ ਨੇ ਕਾਫੀ ਪ੍ਰਸੰਸਾ ਖੱਟੀ ਸੀ ਫੇਰ ਤਾਂ ਚੱਲ ਸੋ ਚੱਲ...।

ਬੀਬੀਆਂ ਨੇ ਸਮਾਜ ਦੇ ਹਰ ਖੇਤਰ ਵਿੱਚ ਆਪਣੀ ਚੰਗੀ ਪਹਿਚਾਣ ਬਣਾ ਲਈ ਹੈ ਅਤੇ ਹਰ ਖੇਤਰ ਵਿੱਚ ਜ਼ਿਕਰਯੋਗ ਹਿੱਸਾ ਪਾ ਰਹੀਆਂ ਹਨ। ਕੀ ਫੌਜ, ਕੀ ਪੁਲਿਸ, ਕੀ ਡਰਾਇਵਰ, ਕੀ ਕੰਡਕਟਰ, ਕੀ ਪੁਲਾੜ ਆਦਿ ਬਹੁਤ ਸਾਰੀਆਂ ਅਜੇਹੀਆਂ ਨੌਕਰੀਆਂ ਹਨ ਜਿਥੇ ਕੰਮ ਕਰਨ ਵਿੱਚ ਪਹਿਲਾਂ ਬੇਅੰਤ ਨੂੰ ਝਿਜਕ ਹੁੰਦੀ ਸੀ ਪਰ ਹੁਣ ਔਰਤ ਅਤੀ ਦਲੇਰੀ ਤੋਂ ਕੰਮ ਲੈ ਰਹੀ ਹੈ। ਜੇ ਪਾਰਖੂ ਅੱਖਾਂ ਦੀ ਕਸੱਵਟੀ 'ਤੇ ਪੂਰੀ-ਪੂਰੀ ਇਮਾਨਦਾਰੀ ਨਾਲ ਔਰਤ ਨੂੰ ਪਰਖਿਆ ਜਾਵੇ ਤਾਂ ਸਹਿਜੇ ਹੀ ਇਸ ਨਤੀਜੇ ਤੇ ਪੁਜਿਆ ਜਾ ਸਕਦਾ ਹੈ ਕਿ ਔਰਤ ਇਕ ਬਹੁਤ ਹੀ ਮਿਹਨਤੀ, ਇਮਾਨਦਾਰ, ਸ਼ਹਿਨਸ਼ੀਲਤਾ ਦੀ ਮੂਰਤ ਹੈ ਉਹ ਹਰ ਜ਼ੁਲਮ ਸਹਿੰਦੀ ਹੈ। ਸੰਸਾਰ ਦੀ ਬੇਹੱਦ ਤਰੱਕੀ ਵਿੱਚ ਔਰਤ ਦਾ ਵਡੇਰਾ ਯੋਗਦਾਨ ਹੈ। ਸਕੂਲੀ ਸਿੱਖਿਆ ਤੋਂ ਲੈ ਕੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿੱਚ ਮਰਦ ਨੂੰ ਪਿਛਾੜਨ ਵਿੱਚ ਸਫਲ ਹੋਈ ਹੈ। ਖੈਰ ! ਰਾਜਨੀਤੀ ਆਦਿ ਵਿੱਚ ਵੀ ਬਹੁਤ ਹੀ ਮਾਣਯੋਗ ਸਥਾਨ ਪ੍ਰਾਪਤ ਕਰਦੀ ਆ ਰਹੀ ਹੈ ਪਰ ਫਿਰ ਵੀ ਔਰਤ ਨੂੰ ਕਦੀ ਪੈਰ ਦੀ ਜੁੱਤੀ ਕਿਹਾ ਜਾਂਦਾ ਹੈ, ਗੁੱਤ ਪਿਛੇ ਮੱਤ ਆਦਿ ਮੁਹਾਵਰਿਆਂ ਨਾਲ ਸੰਬੋਧਨ ਕੀਤਾ ਜਾਂਦਾ ਹੈ। ਉਹ ਮਜ਼ਬੂਰ ਹੋ ਕੇ ਵੀ ਗੁਲਾਮੀ ਵਾਲੀ ਹਾਲਤ ਸਹਿਣ ਕਰ ਲੈਂਦੀ ਹੈ ਪਰ ਕਈ ਵਾਰੀ ਮਜ਼ਬੂਰੀ ਏਨੀ ਬਣ ਜਾਂਦੀ ਹੈ ਕਿ ਉਹ ਵੀ ਹਥਿਆਰ ਸੁੱਟ ਦਿੰਦੀ ਹੈ। ਮਰਦ ਨੇ ਹਮੇਸ਼ਾ ਉਸ ਦੀ ਮਜ਼ਬੂਰੀ ਤੇ ਕਾਰਜਸ਼ੈਲੀ ਨੂੰ ਕਟੈਹਰੇ ਵਿੱਚ ਲਿਆ ਖੜਾ ਕੀਤਾ ਹੈ। ਉਸ ਦੇ ਦਲੇਰਾਂ ਵਾਲੇ ਕਦਮਾਂ ਨੂੰ ਸਲਾਹਣ ਦੀ ਵਜਾਏ ਹੋਰ ਕਦਮਾਂ ਨੂੰ ਯਾਦ ਕਰਕੇ ਨਿੰਦਿਆਂ ਜਾਂਦਾ ਹੈ। ਇਥੋਂ ਤੱਕ ਕਿ ਵਾਰਸ ਸ਼ਾਹ ਨੇ ਹੀਰ ਦੀ ਵਡ ਅਕਾਰੀ ਕਵਿਤਾ ਵਿੱਚ ਕਈ ਥਾਂ ਸ਼ਰੇਆਮ ਔਰਤ ਦੀ

ਨਿੰਦਿਆ ਕੀਤੀ ਹੈ ਜਿਵੇਂ

ਵਾਰਸ਼, ਰੰਨ, ਫਕੀਰ, ਤਲਵਾਰ, ਘੋੜਾ
ਚਾਰੇ ਥੋਕ ਇਹ ਕਿਸੇ ਦਾ ਯਾਰ ਨਾਹੀ।

ਇਸੇ ਤਰ੍ਹਾਂ ਹੋਰ ਲੋਕ ਗਥਾਵਾਂ ਵਿੱਚ ਰਜ ਕੇ ਨਿੰਦਿਆ ਕੀਤੀ ਹੈ:

ਭਠ ਰੰਨਾ ਦੀ ਦੋਸਤੀ, ਖੁਰੀ ਜਿਨਾਂ ਦੀ ਮੱਤ
ਹੱਸ ਹੱਸ ਲਾਉਂਦੀਆਂ ਯਾਰੀਆਂ ਤੇ ਰੋ ਦੇਂਦੀਆਂ ਦਸ

ਹੋਰ ਬਹੁਤ ਕੁਝ ਕਿਹਾ ਗਿਆ ਹੈ।

ਰੰਨਾਂ ਚੈਂਚਲ ਹਾਰੀਆਂ ਕੀ ਰੰਨਾਂ ਦਾ ਇਤਬਾਰ
ਇਹ ਦਿਨੇ ਡਰਨ ਪਰਛਾਵਿਓਂ
ਰਾਤੀਂ ਨਦੀਆਂ ਕਰਦੀਆਂ ਪਾਰ

ਮੁੱਕਦੀ ਗੱਲ ਇਸਤਰੀ ਦੀ ਵਡਿਆਈ ਕਰਨੀ ਮਨੁੱਖ ਆਪਣੀ ਹੱਤਕ ਸਮਝਦਾ ਹੈ। ਜੇ ਔਰਤ ਦੇਸ ਦੇ ਕਿਸੇ ਪ੍ਰਬੰਧੀ ਅਹੁੱਦੇ ਤੇ ਬਹਿ ਕੇ ਵੱਡੇ ਫੈਸਲੇ ਲੈਂਦੀ ਹੈ, ਪ੍ਰਧਾਨ ਮੰਤਰੀ ਵਰਗੇ ਅਹੁਦਿਆਂ ਤੇ ਬਹਿਕੇ ਦੇਸ਼ ਚਲਾਉਂਦੀ ਹੈ ਉਥੇ ਵੀ ਤਾਰੀਫ ਜਾਂ ਹੌਸਲਾ ਖੁਲ ਕੇ ਦੇਣ ਦੀ ਹਿੰਮਤ ਨਹੀਂ। ਮਨੁੱਖ ਦੀ ਹੈਂਕੜ ਨੇ ਹੀ ਭਰੂਣ ਹੱਤਿਆਂ ਨੂੰ ਹੱਲਾ ਸ਼ੇਰੀ ਦਿੱਤੀ ਹੈ। ਮੁੱਢ ਕਦੀਮ ਤੋਂ ਹੀ ਔਰਤ ਮਰਦ ਦੀਆਂ ਧੱਕੇਸ਼ਾਹੀਆਂ ਨਾਲ ਸਮਝਾਉਤਾ ਕਰਦੀ ਆ ਰਹੀ ਹੈ। ਸਮੇਂ ਦੇ ਬਦਲਾ ਨਾਲ ਔਰਤ ਨੇ ਆਪਣੇ ਆਪ ਨੂੰ ਹੋਰ ਮਜ਼ਬੂਤ ਕੀਤਾ ਹੈ ਅਤੇ ਪੜ੍ਹ ਲਿਖ ਕੇ ਮਰਦ ਦੇ ਬਰਾਬਰ ਆਉਣ ਦੀ ਕੋਸ਼ਿਸ਼ ਕੀਤੀ ਹੈ। ਸਿੱਖੀ ਨੇ ਔਰਤ ਨੂੰ ਬੇਹੱਦ ਬਲ ਦਿੱਤਾ ਹੈ, ਮਾਣ ਸਤਿਕਾਰ ਦਿੱਤਾ ਹੈ, ਹੌਸਲਾ ਦਿੱਤਾ ਹੈ। ਇਕ ਅੰਦਾਜ਼ੇ ਅਨੁਸਾਰ ਇਸਤਰੀਆਂ ਗੁਰਬਾਣੀ ਨਾਲ ਜ਼ਿਆਦਾ ਜੁੜੀਆਂ ਹਨ। ਕੀ ਗੁਰਦੁਆਰਾ, ਕੀ ਦੀਵਾਨ, ਕੀ ਬਾਬਿਆਂ ਦੇ ਡੇਰਿਆਂ 'ਤੇ ਔਰਤ ਬੇਝਿੱਕ ਜਾਂਦੀ ਹੈ। ਸਿੱਖੀ ਪ੍ਰਤੀ ਸੋਚ ਵੀ ਇਸਤਰੀ ਦੀ ਉਸਾਰੂ ਹੁੰਦੀ ਜਾ ਰਹੀ ਹੈ। ਆਪਣੇ ਬੱਚਿਆਂ, ਨੂੰ ਚੰਗੀ ਸਿੱਖਿਆ ਵੀ ਇਸੇ ਦਾ ਨਤੀਜਾ ਹੈ। ਪਰ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਇਸਤਰੀ ਨੂੰ ਹਰ ਗੁਰਦੁਆਰੇ ਵਿੱਚ ਜਾਣ ਦੀ ਖੁੱਲ ਹੈ ਕੀਰਤਨ, ਦੀਵਾਨ, ਕਵੀ ਦਰਬਾਰ, ਢਾਡੀ ਦਰਬਾਰ ਲਾਉਣ ਦੀ ਖੁੱਲ ਹੈ ਪਰ ਸਿਰਫ ਦਰਬਾਰ ਸਾਹਿਬ ਵਿੱਚ ਮੁਕੰਮਲ ਮਨਾਹੀ ਕੀਤੀ ਹੋਈ ਹੈ। ਕਈ ਚਿਰਾਂ ਤੋਂ ਇਹ ਗੱਲ ਚਲ ਰਹੀ ਹੈ ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਪ੍ਰਤੀ ਹੁੰਗਾਰਾ ਨਹੀਂ ਭਰ ਰਹੀ। ਹੁਣ ਪੰਜਾਬ ਸਰਕਾਰ ਨੇ ਵਿਧਾਨ ਸਭਾ ਵਿੱਚ ਇਸ ਸੰਬੰਧੀ ਇਕ ਬਿਲ ਪੇਸ਼ ਕੀਤਾ ਹੈ ਜੋ ਪ੍ਰਵਾਨ ਵੀ ਹੋ ਗਿਆ ਹੈ ਅਤੇ14-02-2020 ਸ. ਤ੍ਰਿਪਤ ਰਜਿੰਦਰ ਸਿੰਘ ਬਾਜਵਾ ਕੈਬਨਿਟ ਮੰਤਰੀ ਦੀ ਅਗਵਾਈ ਹੇਠ ਅਕਾਲ ਤਖਤ ਦੇ ਜਥੇਦਾਰ ਨੂੰ ਇਸ ਮਤੇ ਦਾ ਪੱਤਰ ਦਿੱਤਾ ਗਿਆ ਹੈ। ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕੋਈ ਪ੍ਰਤੀਕਰਮ ਨਹੀਂ ਹੈ। ਅੱਜ ਕੱਲ ਸਿੱਖਾਂ ਦੀ ਸਿਰਮੌਰ ਸੰਸਥਾ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਜੀ ਹਨ। ਬਹੁਤ ਹੀ ਸੂਝਵਾਨ ਪੜ੍ਹੀ-ਲਿਖੀ ਸਖਸ਼ੀਅਤ ਦੇ ਮਾਲਕ ਹਨ ਸੋਚ ਬਹੁਤ ਹੀ ਉੱਚੀ ਤੇ ਉਸਾਰੂ ਹੈ। ਵਿਸ਼ਵਭਰ ਦੀਆਂ ਬਹੁਤ ਸਾਰੀਆਂ ਸੰਸਥਾਵਾਂ ਨੇ ਉਨ੍ਹਾਂ ਦੀ ਅਤੀ ਸ਼ਲਾਘਾ ਕੀਤੀ ਹੈ ਤੇ ਉਨ੍ਹਾਂ ਤੋਂ ਚੰਗੇਰੇ ਭਵਿੱਖ ਦੀ ਉਮੀਦ ਕੀਤੀ ਗਈ ਹੈ। ਉਨ੍ਹਾਂ ਨੇ ਵੀ ਅਜੇ ਤੱਕ ਇਸ ਵਿਸ਼ੇਸ਼ ਵਿਸ਼ੇ ਵੱਲ ਉੱਕਾ ਹੀ ਧਿਆਨ ਨਹੀਂ ਦਿੱਤਾ। ਇਕ ਵੱਡੇ ਵਿਚਾਰ ਵਾਲੀ ਗੱਲ ਹੈ ਕਿ ਬਾਬੇ ਨਾਨਕ ਤੋਂ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੱਕ ਇਸਤਰੀ ਨੂੰ ਮਰਦ ਦੇ ਬਰਾਬਰ ਦਾ ਰੁਤਬਾ ਦਿੱਤਾ ਹੈ ਸਗੋਂ ਉਸ ਦੀ ਰੱਜ ਕੇ ਸਰਾਹਨਾ ਵੀ ਕੀਤੀ ਹੈ ਪਰ ਫੇਰ ਵੀ ਉਨ੍ਹਾਂ ਨੂੰ ਚਾਹੀਦਾ ਹੈ ਇਸ ਵਿਸ਼ੇ ਨੂੰ ਨਿੱਜੀ ਤੌਰ ਤੇ ਹੱਲ ਕਰਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਪ੍ਰਭਾਵ ਕਿਸੇ ਪਾਰਟੀ ਦਾ ਚਲਿਆ ਆ ਰਿਹਾ ਹੈ ਭਾਵ ਉਹ ਉਸ ਦੇ ਇਸ਼ਾਰੇ ਤੇ ਕੰਮ ਕਰਦੀ ਤੇ ਉਸ ਪਾਰਟੀ ਨੇ ਇਸਤਰੀ ਨੂੰ ਹਮੇਸ਼ਾ ਨਿੰਦਿਆ ਹੈ। ਸੋ ਇਹ ਸਮੇਂ ਦੇ ਹਾਲਤਾਂ ਮੁਤਾਬਿਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਬਦਲਣ ਦੀ ਲੋੜ ਹੈ। ਅਦਾਰਾ ਭਾਈ ਦਿੱਤ ਸਿੰਘ ਪੱਤ੍ਰਿਕਾ ਦੋਨਾਂ ਸਿਰਮੌਰ ਸੰਸਥਾਵਾਂ ਨੂੰ ਜ਼ੋਰਦਾਰ ਅਪੀਲ ਕਰਦਾ ਹੈ। ਕਿ ਇਸਤਰੀਆਂ ਨੂੰ ਵੀ ਸ੍ਰੀ ਦਰਬਾਰ ਸਾਹਿਬ ਵਿਖੇ ਕੀਰਤਨ ਕਰਨ ਦੀ ਖੁੱਲ ਦਿੱਤੀ ਜਾਵੇ।

9465216530

****

ਕੌਰ ਆਪਣੇ ਮਾਂ-ਬਾਪ ਦੇ ਗ੍ਰਹਿ ਆ ਗਈ ਤੇ ਆਪਣੇ ਪਿਤਾ ਨਾਲ ਕਪੜਾ ਬੁਨਣ ਦਾ ਕੰਮ ਕਰਨ ਲੱਗ ਗਈ।

ਸ. ਬਖਸ਼ੀਸ਼ ਸਿੰਘ ਦਰਜ਼ੀ ਦਾ ਕੰਮ ਪਿੰਡ ਵਿੱਚ ਹੀ ਸੀ। ਦਾਰਾਂ ਦੇ ਘਰ ਜਾ ਕਰ ਪੰਜ ਛੇ ਦਿਨ ਸਲਾਈ ਦਾ ਕੰਮ ਵਿਆਹ-ਸ਼ਾਦੀਆਂ ਮੌਕੇ ਘਰ ਜਾ ਕੇ ਕਰਦੇ ਕਿਉਂਕਿ ਦਰਜ਼ੀ ਵਿਰਲੇ ਹੀ ਹੁੰਦੇ ਸਨ ਪਿੰਡ ਵਿੱਚ ਅਖੰਡ ਪਾਠੀ ਤੇ ਦਰਜੀ ਹੋਣ ਕਰਕੇ ਸਭ ਪਿਆਰ ਤੇ ਸਤਿਕਾਰ ਕਰਦੇ ਕਦੀ ਜਾਤ-ਪਾਤ ਤੇ ਛੂਤਛਾਤ ਨਾ ਕਰਦੇ, ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਜੀ ਜੋ ਕਿ ਸਕੂਲ ਨਾਲ ਹੀ ਹੈ ਉਸ ਦੀ ਕਮੇਟੀ ਦੇ ਮੈਂਬਰ ਬਣ ਗਏ ਪਾਠ ਕਰਨਾ ਤੇ ਕੀਰਤਨ ਕਰਨ ਲੱਗ ਗਏ ਉਹ ਸਾਰੇ ਸ. ਬਖਸ਼ੀਸ਼ ਸਿੰਘ ਨੂੰ ਜਥੇਦਾਰ ਕਹਿਕੇ ਬਲਾਉਂਦੇ ਉਸ ਸਮੇਂ ਤੋਂ ਹੀ ਜਥੇਦਾਰ ਦੇ ਨਾਮ ਤੇ ਮਸ਼ਹੂਰ ਹੋ ਗਏ।

ਕੀਰਤਨ ਕਰਨ ਦੀ ਜਾਂਚ ਸਿੱਖ ਗਏ ਸਨ ਏਥੇ ਕਲੌੜ ਆਏ ਸ. ਸੰਤਾ ਸਿੰਘ ਜੋ ਕੀਰਤਨ ਕਰਦੇ ਸੀ ਤੇ ਭਜਨ ਸਿੰਘ ਜੋ ਕੂਕਿਆਂ ਦੇ ਲਾਣੇ ਵਿੱਚੋਂ ਸਨ ਢੋਲਕ ਬਜਾਉਣ ਦਾ ਕੰਮ ਨਾਲ ਕਰਦੇ ਸਨ ਇਨ੍ਹਾਂ ਤਿੰਨਾਂ ਦਾ ਇਕ ਜਥਾ ਬਣ ਗਿਆ ਤੇ ਕੀਰਤਨ ਬਿਨਾ ਕਿਸੇ ਲਾਲਚ ਫਰੀ ਕੀਰਤਨ ਕਰਦੇ ਰਹਿੰਦੇ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਗੁਰਦੁਆਰੇ ਵਿੱਚ ਸੰਗਰਾਂਦ ਨੂੰ ਕੀਰਤਨ ਕਰਦੇ ਤੇ ਮਹੀਨੇ ਦਾ ਦਿਨ ਮਨਾਉਂਦੇ ਪਿੰਡ ਦੇ ਬਹੁਤ ਆਦਮੀ ਤੇ ਬੀਬੀਆਂ ਵੀ ਪੁੱਜ ਜਾਂਦੀਆਂ ਪਛੜੀਆਂ ਸ਼੍ਰੇਣੀਆਂ ਦੇ ਆਦਮੀ ਪ੍ਰਸਾਦਿ ਲੈਣ ਲਈ ਗੁਰਦੁਆਰੇ ਚਲੇ ਜਾਂਦੇ ਪ੍ਰੰਤੂ ਅੰਦਰ ਕਿਸੇ ਨੂੰ ਜਾਣ ਦੀ ਆਗਿਆ ਨਹੀਂ ਸੀ ਦੂਰ ਬੈਠ ਕੇ ਪ੍ਰਸਾਦਿ ਲੈਂਦੇ ਸਨ।

1934 ਦੀ ਸੰਗਰਾਂਦ ਨੂੰ ਸ੍ਰੀ ਬਖਸ਼ੀਸ਼ ਸਿੰਘ ਆਪਣੇ ਨਾਲ ਆਪਣੇ ਪੁੱਤਰ ਤੀਰਥ ਸਿੰਘ ਨੂੰ ਨਾਲ ਲੈ ਕੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਜੀ ਗਏ ਤੇ ਦਿਨ ਮਨਾਇਆ ਗਿਆ। ਕਈ ਆਦਮੀਆਂ ਨੇ ਦੇਖਿਆ ਕਿ ਸ. ਬਖਸ਼ੀਸ਼ ਸਿੰਘ ਨਾਲ ਉਸ ਦਾ ਪੁੱਤਰ ਵੀ ਆਇਆ ਹੈ। ਛੂਤ-ਛਾਤ ਬਹੁਤ ਸੀ ਉਨ੍ਹਾਂ ਨੂੰ ਕੁਝ ਆਦਮੀਆਂ ਨੇ ਕਿਹਾ ਕਿ ਤੂੰ ਹੀ ਗੁਰਦੁਆਰੇ ਅੰਦਰ ਆ ਸਕਦਾ ਹੈਂ ਤੇਰੇ ਨਾਲ ਤੇਰਾ ਪੁੱਤਰ ਜਾਂ ਕੋਈ ਹੋਰ ਗੁਰਦੁਆਰੇ ਅੰਦਰ ਨਹੀਂ ਆ ਸਕਦੇ ਇਹ ਕੀਤੇ ਇਤਰਾਜ਼ ਨੂੰ ਸੁਣ ਕੇ ਸ. ਬਖਸ਼ੀਸ਼ ਸਿੰਘ ਨੇ ਕਿਹਾ ਕਿ ਜੇ ਮੇਰੇ ਨਾਲ ਮੇਰੇ ਬੱਚੇ ਨਹੀਂ ਆ ਸਕਦੇ ਤਾਂ ਮੇਰਾ ਆਉਣਾ ਵੀ ਠੀਕ ਨਹੀਂ, ਮੈਂ ਅੱਜ ਤੋਂ ਇਸ ਗੁਰਦੁਆਰੇ ਵਿੱਚ ਨਹੀਂ ਆਵਾਂਗਾ। ਨਾ ਹੀ ਪਾਠ ਤੇ ਕੀਰਤਨ ਕਰਨ ਆਵਾਂਗਾ। ਸ੍ਰ: ਬਖਸ਼ੀਸ਼ ਸਿੰਘ ਕਹਿਣੀ ਤੇ ਕਰਨੀ ਦਾ ਪੱਕਾ ਧਾਰਨੀ ਸੀ। ਸਿਰੜੀ ਸੁਭਾ ਦਾ ਮਾਲਕ ਸੀ। ਜੋ ਕਹਿ ਦਿੱਤਾ ਕੁਝ ਵੀ ਦੁਖ ਕਟਣਾ ਪਵੇ ਉਹ ਕਰਕੇ ਹੀ ਹਟਦਾ ਸੀ।

ਗੁਰਦੁਆਰਾ ਸਾਹਿਬ ਤੋਂ ਆ ਕੇ ਆਪਣੇ ਮਹੱਲੇ ਦੇ ਸਿਆਣੇ ਬੰਦੇ ਧਰਮਸ਼ਾਲਾ ਵਿੱਚ ਇਕੱਠੇ ਕੀਤੇ ਜਿਨ੍ਹਾਂ ਵਿੱਚ ਸ: ਗੰਢਾ ਸਿੰਘ ਹੌਲਦਾਰ, ਸ. ਨਰੈਣ ਸਿੰਘ ਫੌਜੀ ਸ. ਸਾਹਿਬ ਸਿੰਘ, ਸ. ਕਪੂਰ ਸਿੰਘ, ਸ. ਬਸਤਾ ਸਿੰਘ, ਸ. ਅਰਜਨ ਸਿੰਘ, ਸ. ਸਿਆਮ ਸਿੰਘ, ਸ. ਭਗਵਾਨ ਨੰਗਪੈਰੀਆ ਆਦਿ ਬਖਸ਼ੀਸ਼ ਸਿੰਘ ਨੇ ਕਿਹਾ ਕਿ ਤੁਸੀਂ ਸਭ ਸੰਗਰਾਂਦ ਨੂੰ ਪ੍ਰਸ਼ਾਦਿ ਦਾ ਕਿਣਕਾ ਹੀ ਦਿੰਦੇ ਹੋ ਜੇ ਕਰ ਤੁਸੀਂ ਸਾਥ ਦਿੱਤਾ ਤਾਂ ਅਗਲੀ ਸੰਗ੍ਰਾਂਦਿ ਹੀ ਆਪਣੀ ਧਰਮਸ਼ਾਲਾ ਵਿੱਚ ਮਨਾਉਣ ਲੱਗ ਜਾਂਦੇ ਹਨ ਪਾਠ ਤੇ ਕੀਰਤਨ ਦਾ ਪ੍ਰਬੰਧ ਮੈਂ ਕਰ ਲਿਆ ਕਰਾਂਗੇ। ਇਹ ਬਚਨ ਸੁਣਕੇ ਮੁਹੱਲੇ ਦੇ ਸਾਰੀਆਂ ਨੇ ਖੁਸ਼ੀ ਮਨਾਈ ਤੇ ਕਿਹਾ ਅਸੀਂ ਸਾਰੇ ਸਾਥ ਦੇਵਾਂਗੇ। ਸ. ਨਰੈਣ ਸਿੰਘ ਫੌਜੀ ਨੇ ਕਿਹਾ ਕਿ ਮੈਂ ਹਰ ਮਹੀਨੇ ਇਕ ਰੁਪਿਆ ਦਿਆ ਕਰਾਂਗਾ। ਮੈਨੂੰ ਛੇ (6) ਰੁਪਏ ਪੈਂਨਸ਼ਨ ਮਿਲਦੀ ਹੈ। ਸ. ਗੰਢਾ ਸਿੰਘ ਜੋ ਜਨਕ ਸਿੰਘ ਦਾ ਬਾਬਾ ਸੀ ਨੇ ਕਿਹਾ ਕਿ ਮੈਂ ਹਰ ਮਹੀਨੇ ਚਾਰ ਆਨੇ (25 ਨਵਾਂ ਪੈਸਾ) ਦਿਆ ਕਰਾਂਗਾ। ਸ. ਨਰੈਣ ਸਿੰਘ ਮਾਸਟਰ ਮੀਹਾ ਸਿੰਘ ਦਾ ਤਾਇਆ ਸੀ ਸਵਾ ਰੁਪਏ (ਇਕ ਰੁਪਿਆ ਤੇ ਚਾਰ ਆਨੇ) ਦੀ ਖੁੱਲ੍ਹੀ ਦੇਗ ਪ੍ਰਸ਼ਾਦਿ ਤਿਆਰ ਹੋ ਜਾਂਦੀ ਤੇ ਖੁਲਾ ਪ੍ਰਸ਼ਾਦਿ ਵੰਡਿਆ ਜਾਂਦਾ ਮੁਹੱਲਾ ਨਿਵਾਸੀ ਬਹੁਤ ਖੁਸ਼ ਹੁੰਦੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਾਤਾ ਠਾਕਰੀ ਦੇ ਗੁਰਦੁਆਰੇ ਤੋਂ ਲੈ ਆਦੀ। ਉਹ ਕੋਈ ਛੂਤ ਛਾਤ ਨਹੀਂ ਕਰਦੇ ਸਨ। ਉਨ੍ਹਾਂ ਦਾ ਸ੍ਰ: ਬਖਸ਼ੀਸ਼ ਸਿੰਘ ਨਾਲ ਬਹੁਤ ਪਿਆਰ ਸੀ ਕਿਉਂਕਿ ਬਚਪਨ ਤੋਂ ਪਾਠੀ ਹੋਣ ਕਰਕੇ

ਆਉਣਾ ਜਾਣਾ ਸੀ। ਸੰਗ੍ਰਾਂਦ ਮਨਾਉਂਦੇ ਬੱਚਿਆਂ ਨੂੰ ਪ੍ਰੇਰ ਕੇ ਕੀਰਤਨ ਕਰਨ ਲਈ ਲਾਉਂਦੇ।

ਗੁਰੂ ਨਾਨਕ ਦੇਵ ਜੀ ਤੇ ਭਗਤ ਰਵਿਦਾਸ ਦਾ ਜਨਮ ਦਿਹਾੜਾ ਅਖੰਡ ਪਾਠ ਕਰਕੇ ਧੂਮ ਧਾਮ ਨਾਲ ਮਨਾਉਂਦੇ। ਅਖੰਡ ਪਾਠ ਸ: ਹਜ਼ੂਰਾ ਸਿੰਘ, ਸ. ਪਿਆਰਾ ਸਿੰਘ ਤੇ ਆਪ ਤਿੰਨ ਹੁੰਦੇ, ਦੋ ਪਾਠੀ ਰੈਲੋਂ ਪਿੰਡ ਦੇ ਹੁੰਦੇ ਜੋ ਸ਼ੁੱਧ ਤੇ ਤੇਜ ਪਾਠ ਕਰਦੇ ਸਨ ਸਮੇਂ ਅਨੁਸਾਰ ਭੋਗ ਪਾ ਦਿੰਦੇ ਸਨ। ਇਹ ਸਿਲਸਲਾ ਦੋ ਸਾਲ ਲਗਾਤਾਰ ਜਾਰੀ ਰੱਖਿਆ ਤੇ ਫੇਰ ਸ. ਬਖਸ਼ੀਸ਼ ਸਿੰਘ ਨੇ ਮਹੱਲਾ ਨਿਵਾਸੀਆਂ ਨਾਲ ਵਿਚਾਰ ਕੀਤਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਮਨਾਉਣ ਸਮੇਂ ਨਗਰ ਕੀਰਤਨ ਆਪਣੇ ਪਿੰਡ ਵਿੱਚ ਕੱਢਿਆ ਜਾਵੇ ਤੇ ਜੋ ਜਗ੍ਹਾ ਗਿਆਨੀ ਦਿੱਤ ਸਿੰਘ ਦੇ ਪਿਤਾ ਦਿਵਾਨ ਸਿੰਘ ਦੀ ਹੈ 'ਤੇ ਨਿਸ਼ਾਨ ਸਾਹਿਬ ਲਾ ਦਿੱਤਾ ਜਾਵੇ ਤੇ ਸਮਾਂ ਆਉਣ ਤੇ ਗੁਰਦੁਆਰਾ ਬਣਾ ਲਵਾਂਗੇ। ਉਥੇ ਟੋਭਾ ਛੱਪੜ ਸੀ ਜਿਸ ਨੂੰ ਮਹੱਲਾ ਨਿਵਾਸੀਆਂ ਨੇ ਮਿੱਟੀ ਪੁੱਟ-ਪੁੱਟ ਕੇ ਕੱਚੇ ਮਕਾਨਾਂ ਨੂੰ ਲਿਪਿਆ ਜਾਂਦਾ ਸੀ ਉਸਦਾ ਅਕਾਰ ਬਹੁਤ ਵੱਡਾ ਹੋ ਗਿਆ ਸੀ। ਜਿਸ ਪਾਸੇ ਬਾਬਾ ਦਿਵਾਨ ਸਿੰਘ ਦੀ ਖੂਹੀ ਸੀ ਉਸ ਪਾਸੇ ਡਾਕੀਆਂ ਕਾਲਾ ਸਿੰਘ ਈਸ਼ਰ, ਬਚਨ ਸਿੰਘ, ਜਵਾਲਾ ਸਿੰਘ ਭਰਾਵਾਂ ਦਾ ਕਬਜਾ ਸੀ ਉਹ ਕਿਥੇ ਚਾਹੁੰਦੇ ਸੀ ਕਿ ਇਸ ਜਗ੍ਹਾ ਤੇ ਗੁਰਦੁਆਰਾ ਬਣ ਜਾਵੇ। ਸਾਥੋ ਇਹ ਜਗਾ ਲਈ ਜਾਵੇ ਉਨ੍ਹਾਂ ਨੇ ਮੌਕਾ ਦੇਖ ਕੇ ਨਿਸ਼ਾਨ ਸਾਹਿਬ ਪੁੱਟ ਦਿੱਤਾ ਤੇ ਮੁਕੱਦਮੇਬਾਜ਼ੀ ਸ਼ੁਰੂ ਹੋ ਗਈ ਪਿੰਡ ਦੇ ਬਹੁਤ ਲੋਕਾਂ ਨੇ ਸਾਥ ਦਿੱਤਾ ਸ. ਪੂਰਨ ਸਿੰਘ ਖਰਾ, ਸ. ਗੁਰਮੁਖ ਸਿੰਘ, ਸ. ਬਸਤਾ ਸਿੰਘ ਗੰਡੂਦਿਆਂ ਵਾਲੇ ਟੱਬਰ ਨੇ ਪੂਰਾ ਸਾਥ ਦਿੱਤਾ ਤੇ ਉਗਰਾਹੀਆਂ ਵੀ ਦਿੱਤੀਆਂ।

ਗਿਆਨੀ ਦਿੱਤ ਸਿੰਘ ਦੇ ਸਮਕਾਲੀ ਪ੍ਰਤਾਪ ਸਿੰਘ ਢਕਾਨਸ ਪ੍ਰੋਫੈਸਰ ਅਜੈਬ ਸਿੰਘ ਪਟਿਆਲਾ ਆਦਿ ਕਈ ਪ੍ਰੇਮੀਆਂ ਨਾਲ ਗੱਲ ਹੋਇਆ ਤੇ ਕਈ ਕਈ ਦਿਨ ਏਥੇ ਕਲੜ ਆ ਕੇ ਬਖਸ਼ੀਸ਼ ਦੇ ਗ੍ਰਹਿ ਰਹਿ ਕੇ ਗਿਆ। ਵਿਚਾਰ ਵਟਾਂਦਰਾ ਕਰਦੇ ਰਹਿੰਦੇ ਸਨ।

ਮਹੀਨਾਵਰ ਤੇ ਗੁਰਪੂਰਬ ਆਦਿ ਦਾ ਪ੍ਰੋਗਰਾਮ ਧਰਮਸ਼ਾਲਾ ਵਿੱਚ ਹੀ ਹੁੰਦਾ ਰਹਿੰਦਾ ਕਮੇਟੀ ਬਣਦੀ ਗਈ ਜਿਸ ਦਾ ਪ੍ਰਧਾਨ ਸ. ਗੁਰਬਚਨ ਸਿੰਘ ਰਟੈਰ ਠਾਣੇਦਾਰ ਜੀਮੀਦਾਰ ਜੋ ਕਰਤਾਰ ਸਿੰਘ ਆਦਿ ਵਿੱਚੋਂ ਹੀ ਸੀ। ਪਿੰਡ ਦੇ ਚੰਗੇ ਚੰਗੇ ਬੰਦਿਆ ਨਾਲ ਬਖਸ਼ੀਸ਼ ਸਿੰਘ ਦੇ ਪਹਿਲਾਂ ਤੋਂ ਹੀ ਬਹੁਤ ਪਿਆਰ ਮਿਲਵਰਤਣ ਸੀ ਤੇ ਸਤਿਕਾਰ ਕਰਦੇ ਸੀ।

ਸ. ਬਲਵੰਤ ਸਿੰਘ ਵਿਚੋਂ ਸ. ਹਰਨੇਕ ਸਿੰਘ ਦਾ ਪਿਤਾ ਜੋ ਮਹਾਰਾਜਾ ਪਟਿਆਲੇ ਦੇ ਰਸਾਲਾ ਨੰ: ਇਕ ਵਿੱਚ ਚੰਗੀ ਪੋਸਟ ਤੇ ਕੰਮ ਕਰਦਾ ਸੀ ਦੇ ਨਾਲ ਬਖਸ਼ੀਸ਼ ਸਿੰਘ ਦੇ ਚੰਗੇ ਮੇਲ ਮਿਲਾਪ ਜੀ ਪਿਆਰ ਵਜੋਂ ਸ. ਬਲਵੰਤ ਸਿੰਘ ਨੇ ਬਖਸ਼ੀਸ਼ ਸਿੰਘ ਨੂੰ ਇਕ ਜੇਬੀ (ਪਾਕਟ) ਘੜੀ ਨਿਸ਼ਾਨੀ ਦਿੱਤੀ। ਉਸ ਸਮੇਂ ਹੱਥ ਘੜੀ ਜਾਂ ਹੋਰ ਕੋਈ ਘੜੀ ਕਿਸੇ ਅਮੀਰ ਆਦਮੀ ਪਾਸ ਹੁੰਦੀ ਸੀ। ਇਹ ਘੜੀ ਸ. ਬਲਵੰਤ ਸਿੰਘ ਨੇ ਪਿਆਰ ਵਜੋਂ ਦਿੱਤੀ ਨਿਸ਼ਾਨੀ ਸੀ।

ਸ. ਬਲਵੰਤ ਸਿੰਘ ਨੂੰ ਬਖਸ਼ੀਸ਼ ਸਿੰਘ ਨੇ ਕਿਹਾ ਕਿ ਅਸੀਂ ਗਿਆਨੀ ਦਿੱਤ ਸਿੰਘ ਦੀ ਯਾਦ ਵਿੱਚ ਗੁਰਦੁਆਰਾ ਬਨਾਉਣਾ ਚਾਹੁੰਦੇ ਹਾਂ।

1939 ਤੋਂ 1945 ਜਰਮਨ ਦੀ ਜੰਗ ਵਿੱਚ ਪਟਿਆਲੇ ਵਾਲਾ ਰਸਾਲਾ ਮਦਦ ਲਈ ਪਹੁੰਚਿਆ ਸੀ। ਉਸ ਵਿੱਚ ਸ. ਬਲਵੰਤ ਸਿੰਘ ਜੀ ਵੀ ਸਨ ਉਸ ਮੌਕੇ ਵਿੱਚ ਹੀ ਰਸਾਲਾ ਤੋੜਨ ਦਾ ਹੁਕਮ ਜਾਰੀ ਕਰ ਦਿੱਤਾ ਉਸ ਮੌਕੇ ਚਾਨਣੀ (ਚੰਦੋਆ) ਗੁਟਕੇ, ਪੋਥੀਆਂ, ਰੁਮਾਲੇ ਤੇ ਚਾਰ ਤੋਂ ਕੁਝ ਉਪਰ ਮਾਇਆ ਨਵੇਂ ਗੁਰ ਘਰ ਬਨਣ ਨੂੰ ਦਿੱਤਾ ਜਾਵੇ। ਸ. ਬਲਵੰਤ ਸਿੰਘ ਦੀ ਪ੍ਰੇਰਨਾ ਸਦਕਾ ਇਹ ਸਮਾਨ ਗਿਆਨੀ ਦਿੱਤ ਸਿੰਘ ਦੀ ਯਾਦਗਾਰ ਲਈ ਭੇਜਵਾ ਦਿੱਤਾ। ਜਿਸ ਨੂੰ ਸ. ਬਖਸ਼ੀਸ਼ ਸਿੰਘ ਤੇ ਪ੍ਰਧਾਨ ਰਿਟਾਇਰਡ ਸ. ਗੁਰਬਚਨ ਸਿੰਘ ਪ੍ਰਾਪਤ ਕਰਕੇ ਧਰਮਸ਼ਾਲਾ ਵਿੱਚ ਲੈ ਆਏ। ਜਿਥੇ ਪਹਿਲਾਂ ਦਿਨ ਤਿਉਹਾਰ ਵਾਂਗ ਮਨਾਏ ਜਾਂਦੇ ਸਨ। ਇਸ ਸਮਾਨ ਨੂੰ ਮਿਲਣ ਤੇ ਕਈ ਸਜਨਾ ਨੂੰ ਬਹੁਤ ਦੁੱਖ ਹੋਇਆ ਤੇ ਮਹੱਲੇ ਦੇ ਦੋ ਤਿੰਨ ਪ੍ਰੇਮੀ ਜੋ ਵਿਰੋਧੀ ਸਨ ਤੇ ਸ. ਅਜਮੇਰ ਸਿੰਘ, ਸਿੰਘਾਂ ਵਿਚੋਂ ਹੀ ਸਨ ਤੇ ਉਸ ਰਸਾਲੇ ਵਿੱਚ ਨੌਕਰੀ ਕਰਦੇ ਸਨ ਨੂੰ ਕਿਹਾ ਕਿ ਇਹ ਸਮਾਨ ਜੋ ਅਦਨ ਤੋਂ ਆਇਆ ਸਮੇਤ ਮਾਇਆ ਇਹਨਾਂ ਤੋਂ ਪ੍ਰਾਪਤ ਕਰਕੇ ਗੁਰਦੁਆਰਾ ਤੇਗ ਬਹਾਦਰ ਸਾਹਿਬ ਲਿਆਂਦਾ ਜਾਵੇ। ਸ. ਅਜਮੇਰ ਸਿੰਘ ਸਿੰਘਾ ਦੀ ਸਰਕਾਰੇ ਦਰਬਾਰੇ ਚਲਦੀ ਸੀ ਉਨ੍ਹਾਂ ਨੇ ਥਾਨਾ ਬੱਸੀ ਦੇ ਉਪ ਅਧਿਕਾਰੀ ਨੂੰ ਕਹਿ ਕੇ ਇਹ ਸਮਾਨ ਲੈਣ ਲਈ ਕਿਹਾ ਇਕ ਦਿਨ ਥਾਨੇਦਾਰ ਬੱਸੀ ਵਾਲਾ ਡੀ.ਐਸ.ਪੀ. ਆਦਿ ਕਲੌੜ ਆ ਕੇ ਸਮਾਨ ਲੈਣ ਲਈ ਕਿਹਾ ਜਿਸ ਦਾ ਗੁਰਬਚਨ ਸਿੰਘ ਰਿ: ਥਾਨੇਦਾਰ ਪ੍ਰਧਾਨ ਨੇ

ਵਿਰੋਧ ਕੀਤਾ। ਉਸ ਨੂੰ ਹੱਥਕੜੀ ਲਾ ਕੇ ਗ੍ਰਿਫਤਾਰ ਕਰ ਲਿਆ ਤੇ ਮਾਇਆ ਤੇ ਹੋਰ ਸਮਾਨ ਜੋ ਸ. ਬਲਵੰਤ ਸਿੰਘ ਨੇ ਅਦਨ ਤੋਂ ਭੇਜਿਆ ਸੀ ਚੁਕ ਕੇ ਲੈ ਗਏ ਤੇ ਗੁਰਬਚਨ ਸਿੰਘ ਪ੍ਰਧਾਨ ਨੂੰ ਗ੍ਰਿਫਤਾਰ ਕਰਕੇ ਬੱਸੀ ਲੈ ਗਏ ਤੇ ਉਸ ਨੂੰ ਜਮਾਨਤ 'ਤੇ ਲਿਆਂਦਾ ਗਿਆ।

ਇਸੇ ਕਰਕੇ ਸ. ਬਖਸ਼ੀਸ਼ ਸਿੰਘ ਤੇ ਸਤ ਮੁਕੱਦਮੇ ਹੋ ਗਏ ਜੋ ਹਰ ਰੋਜ਼ ਦੂਜੇ ਤੀਜੇ ਦਿਨ ਤਰੀਕ ਤੇ ਜਾਣਾ ਪੈ ਗਿਆ ਘਰ ਦਾ ਕੰਮਕਾਰ ਬਿਲਕੁਲ ਬੰਦ ਹੋ ਗਿਆ ਤੇ ਇਕੋ ਲਗਨ ਲੱਗੀ ਰਹੀ ਕਿ ਗਿਆਨੀ ਦਿੱਤ ਸਿੰਘ ਦੀ ਯਾਦਗਾਰ ਬਣ ਜਾਵੇ। 1940 ਵਿੱਚ ਜਥੇਦਾਰ ਨੇ ਆਪਣੇ ਸੁਸਰਾਲ ਸ. ਬਲਮ ਸਿੰਘ ਨੂੰ ਕਿਹਾ ਕਿ ਜੋ ਆਪ ਦੀ ਦੂਜੀ ਲੜਕੀ ਹੈ ਰਾਜ ਕੌਰ ਹੋਰ ਥਾਂ ਨਹੀਂ ਜਾਣਾ ਚਾਹੁੰਦੀ ਇਸ ਨੂੰ ਅਸੀਂ ਲੈ ਜਾਂਦੇ ਹਾਂ ਇਹ ਹੱਥੀਂ ਕੰਮਕਾਰ ਕੱਪੜੇ ਬੁਨਣ ਦੀ ਮਾਹਿਰ ਸਾਡਾ ਘਰ ਦਾ ਖਰਚ ਚਾਲੂ ਹੋ ਜਾਵੇਗਾ ਜੋ ਠੱਪ ਹੋ ਗਿਆ। ਭਰਾ ਦੋਨੋਂ ਵੱਖ ਹੋ ਗਏ ਮੈਂ ਇਸ ਗੁਰਦੁਆਰੇ ਦੇ ਝਗੜੇ ਵਿੱਚ ਪੈ ਗਿਆ। ਕੋਈ ਕੰਮ ਨਹੀਂ ਕਰਦਾ ਇਹ ਦੋਨੋਂ ਭੈਣਾ ਮਿਲ ਕਰ ਘਰ ਦਾ ਖਰਚ ਕਰ ਲਿਆ ਕਰਨ ਰਹੀਆ। ਸੋਹਰਾ ਸਾਹਿਬ ਬਲਮ ਸਿੰਘ ਧਾਲੀਵਾਲ ਮਨੜੌਨਾ ਕਲਾ ਨੇ ਸਵੀਕਾਰ ਕਰ ਲਿਆ ਕਿਉਂਕਿ ਉਸ ਦੇ ਕੋਈ ਪੁੱਤਰ ਨਹੀਂ ਸੀ ਦੋਨੋਂ ਧੀਆਂ ਸਨ। ਇਨ੍ਹਾਂ ਰਲ ਕੇ ਘਰ ਦਾ ਖਰਚ ਪੂਰਾ ਕੀਤਾ ਤੇ ਜਥੇਦਾਰ ਨੂੰ ਘਰ ਵਲੋਂ ਬੇ-ਫਿਕਰ ਕਰ ਦਿੱਤਾ ਉਹ ਆਪਣੀ ਦਿਕਤਾ ਅਨੁਸਾਰ ਯਾਦਗਾਰ ਦੇ ਕੰਮ ਵਿੱਚ ਆਉਣ ਵਾਲੀ ਹਰ ਮੁਸ਼ਕਲ ਦਾ ਸਾਹਮਣਾ ਕਰਦਾ ਰਿਹਾ। ਇਕੱਲੇ ਨੇ ਹੀ ਤਰੀਕ ਤੇ ਜਾਣਾ ਕਦੇ ਕੋਈ ਮਹੱਲਾ ਨਿਵਾਸੀ ਜਾਂਦਾ।

ਜਾਤ-ਪਾਤ, ਛੂਤ-ਛਾਤ ਦਾ ਬਹੁਤ ਜ਼ੋਰ ਸੀ ਇਨ੍ਹਾਂ ਜੁਲਾਹਿਆ ਦੇ ਸਤ ਘਰ ਹੀ ਸਨ ਖੂਹ ਵੱਖਰਾ ਸੀ ਦੂਜਿਆਂ ਕੋਈ ਕਿਸੇ ਕਿਸਮ ਦਾ ਮਿਲਵਰਤਣ ਨਹੀਂ ਸੀ। ਜਦੋਂ ਧਰਮਸ਼ਾਲਾ ਵਿੱਚ ਸੰਗ੍ਰਾਂਦ ਮਨਾਉਣੀ ਆਰੰਭ ਕੀਤੀ ਤਾਂ ਦੂਜਿਆਂ ਨਾਲ ਮਿਲ ਵਰਤਣ ਲਈ ਅੰਮ੍ਰਿਤ ਛਕਾਇਆ ਤੇ ਸਭ ਤੋਂ ਪਹਿਲਾਂ ਜਥੇਦਾਰ ਨੇ ਆਪ ਉਨ੍ਹਾਂ ਦੇ ਘਰੀ ਜਾ ਕੇ ਖਾਣਾ ਪੀਣਾ ਵਿਆਹ ਸ਼ਾਦੀਆਂ ਵਿੱਚ ਜਾਣਾ ਆਰੰਭ ਕਰ ਦਿੱਤਾ ਤੇ ਸਾਰਾ ਮਹੱਲਾ ਇਕ ਜੁੱਟ ਹੋ ਕੇ ਜਥੇਦਾਰ ਨਾਲ ਸਹਿਮਤ ਹੋ ਗਏ।

1943 ਦੇ ਆਰੰਭ ਵਿੱਚ ਸਾਰੇ ਮੁਕੱਦਮਿਆਂ ਵਿੱਚ ਜਥੇਦਾਰ ਦੀ ਜਿੱਤ ਹੋ ਗਈ। ਜਗਾ ਜੋ ਡਾਕਿਆ ਨਾਲ ਅਤੇ ਈਸ਼ਰ ਸਿੰਘ ਦੇ ਪਿਤਾ ਕਪੂਰ ਸਿੰਘ ਸੀ। ਕਬਜ਼ਾ ਦਬਾਉਣੇ ਲਈ ਬੱਸੀ ਤੋਂ ਤਹਿਸੀਲ ਦਾਰ ਘੋੜੇ ਤੇ ਚੜ੍ਹਕੇ ਕੁਝ ਬੰਦੇ ਨਾਲ ਲੈ ਕੇ ਆਇਆ ਮੁਹੱਲਾ ਨਿਵਾਸੀ ਸਾਰੇ ਇਕੱਠੇ ਹੋ ਗਏ ਤੇ ਦੂਜੇ ਪਾਸੇ ਡਾਕੀਆ ਕਪੂਰ ਦਾ ਪਰਵਾਰ ਜਵਾਲਾ ਸਿੰਘ ਬਚਨ ਸਿੰਘ ਤੇ ਹੋਰ ਮਿਲਾਪੀ ਇਕੱਠੇ ਹੋ ਗਏ ਇਨ੍ਹਾਂ ਨੇ ਤਹਿਸੀਲਦਾਰ ਨੂੰ ਕਿਸੇ ਤਰ੍ਹਾਂ ਟਾਲ ਮਟੋਲ ਕਰਕੇ ਬਿਨਾ ਕਬਜ਼ੇ ਦਿਵਾਉਣ ਤੇ ਵਾਪਸ ਜਾਣ ਲਈ ਕਿਹਾ ਤਹਿਸੀਲ ਦਾਰ ਘੋੜੇ ਤੇ ਚੜ੍ਹਕੇ ਵਾਪਸ ਜਾਣ ਲੱਗਾ ਤਾਂ ਜਥੇਦਾਰ ਨੇ ਘੋੜੇ ਦੀ ਲਗਾਮ ਫੜ੍ਹ ਕੇ ਤਹਿਸੀਲਦਾਰ ਨੂੰ ਕਿਹਾ ਅੱਜ ਹੀ ਕਬਜ਼ਾ ਦੁਆ ਕੇ ਜਾਵੋ ਨਹੀਂ ਤਾਂ ਅਸੀਂ ਅੱਜ ਆਪ ਹੀ ਕਬਜ਼ਾ ਜਗਾ ਤੇ ਕਰ ਲੈਣਾ ਹੈ ਤਹਿਸੀਲਦਾਰ ਨੇ ਕਿਹਾ ਕੇ ਤੁਸੀਂ ਆਪ ਹੀ ਕਰ ਲਵੋ ਤਾਂ ਜਥੇਦਾਰ ਜੀ ਨੇ ਮੁਹੱਲਾ ਨਿਵਾਸੀ ਨੂੰ ਲਲਕਾਰ ਕੇ ਕਿਹਾ ਇਨ੍ਹਾਂ ਦੇ ਸਮਾਨ ਨੂੰ ਅੱਗ ਲਗਾ ਦੇਵੋ ਜੋ ਕਿ ਲਕੜਾਂ ਤੇ ਕਪਾਹ ਦਿਆਂ ਛਟੀਆਂ ਦਾ ਢੇਰ ਸੀ ਅੱਗ ਲਗਾ ਦਿੱਤੀ ਸਾਰੇ ਦੇਖਦੇ ਹੀ ਰਹਿ ਗਏ ਡਾਕੀਆਂ ਵਿਚੋਂ ਜਵਾਲਾ ਸਿੰਘ ਰੋਕਣ ਲਈ ਅੱਗੇ ਵਧੀਆ ਤਾਂ ਅਗੋਂ ਇਕੱਠੇ ਨੇ ਉਸ ਨੂੰ ਫੜ ਕੇ ਅੱਗ ਵਿੱਚ ਸੁੱਟਣ ਲਗੇ ਜਵਾਲਾ ਸਿੰਘ ਨੇ ਹੱਥ ਬੰਨ ਨੇ ਕੇ ਮਾਫੀ ਮੰਗੀ। ਮੁਹੱਲਾ ਵਾਸੀਆ ਦਾ ਜਗਾ ਤੇ ਕਬਜ਼ਾ ਹੋ ਗਿਆ ਇਸ ਪਿਛੋਂ ਇਨ੍ਹਾਂ ਡਾਕੀਆ ਨੇ ਪਟਵਾਰੀ ਤੇ ਕਾਨੂੰਗੋ ਨਾਲ ਮਿਲਕੇ ਫਿਰ ਨਾ ਦਾ ਰਸਤਾ ਬਣਾ ਦਿੱਤਾ ਤੇ ਗੁਰਦੁਆਰੇ ਦੀ ਜਗਾ ਦੋ ਹਿੱਸਿਆਂ ਵਿੱਚ ਬਹੁਤ ਘੱਟ ਰਹਿ ਗਈ ਕਿਉਂਕਿ ਸਾਰੀ ਜਗ੍ਹਾ ਰਸਤੇ ਵਿੱਚ ਹੀ ਆ ਗਈ। ਗੁਰਘਰ ਲਈ ਕੋਈ ਜਗਾ ਨਾ ਰਹੀ ਇਕ ਪਾਸੋਂ ਰਸਤੇ ਦੇ ਟੋਭਾ ਪਾਣੀ ਭਰਿਆ ਹੋਇਆ ਤੇ ਦੂਜੇ ਪਾਸੇ ਜਗ੍ਹਾ ਘਟ ਸੀ।

ਜਥੇਦਾਰ ਜੀ ਨੇ ਪਿੰਡ ਦੇ ਆਪ ਮਿਲਾਪੀ ਬੰਦਿਆਂ ਨਾਲ ਰਸਤੇ ਬਾਰੇ ਵਿਚਾਰ ਕੀਤਾ ਕਿ ਕੀ ਕਰੀਏ ਕਈ ਮਿਤਰਾਂ ਨੇ ਸਲਾਹ ਦਿੱਤੀ ਕਿ ਰਸਤੇ ਤੇ ਕਬਜ਼ਾ ਕਰ ਲਵੋ ਇਸ ਬਾਰੇ ਮੁਹੱਲਾ ਨਿਵਾਸੀਆਂ ਨਾਲ ਵਿਚਾਰ ਕੀਤਾ ਕਿ ਜਿਥੋਂ ਗੁਰਦੁਆਰੇ ਦੀ ਜਗ੍ਹਾ ਸ਼ੁਰੂ ਹੁੰਦੀ ਹੈ ਉਥੇ ਮਕਾਨ ਬਣਾ ਕੇ ਰਸਤਾ ਬੰਦ ਕਰ ਦੇਵੋ ਮਿਥੇ ਸਮੇਂ ਅਨੁਸਾਰ ਸਾਰਿਆਂ ਨੇ ਜਿਸ ਪਾਸੋਂ ਕੋਈ ਸਮਾਨ ਮਿਲਿਆ ਕਮਰੇ ਦੀ ਉਸਾਰੀ ਸ਼ੁਰੂ ਕਰ ਦਿੱਤੀ ਦੂਜੇ ਪਾਸੇ ਕੰਮ ਰੋਕਣ ਲਈ

ਬੱਸੀ ਠਾਣੇ ਨੂੰ ਚਲੇ ਗਏ ਤੇ ਕੰਮ ਵਿਚਕਾਰ ਹੀ ਰੋਕ ਦਿਵਾਂਗੇ। ਬੱਸੀ ਤੋਂ ਪੁਲਿਸ ਆਉਣ ਵਿੱਚ ਚਾਰ ਘੰਟੇ ਦਾ ਹੀ ਸਮਾਂ ਲੱਗਿਆ ਹੋਵੇਗਾ ਕਿ ਉਨ੍ਹਾਂ ਦੇ ਆਉਣ ਤੋਂ ਪਹਿਲਾਂ ਇਸੇ ਸਮੇਂ ਵਿੱਚ ਹੀ ਮਕਾਨ ਤਿਆਰ ਕਰਕੇ ਗੁਰੂ ਮਹਾਰਾਜ ਜੀ ਦਾ ਪਰਕਾਸ਼ ਕਰਕੇ ਪਾਠ ਆਰੰਭ ਦਿੱਤਾ ਸੰਗਤ ਇਕੱਠੀ ਹੋ ਗਈ ਜਦੋਂ ਪੁਲਿਸ ਵਾਲੇ ਆਏ ਵੇਖ ਕੇ ਹੈਰਾਨ ਹੋ ਗਏ ਤੇ ਕਿਹਾ ਅਸੀਂ ਕੁਝ ਨਹੀਂ ਕਰ ਸਕਦੇ ਉਥੋਂ ਰਸਤਾ ਬੰਦ ਹੋ ਗਿਆ ਜੋ ਮੋੜ ਪਾ ਕੇ ਗੁਰਦੁਆਰੇ ਦੀ ਹੱਦ ਤੋਂ ਬਾਹਰ ਕੱਢਿਆ ਗਿਆ ਅਜੇ ਉਹ ਮੋੜ ਤੇ ਰਸਤਾ ਕਮ ਹੈ ਗੁਰਦੁਆਰੇ ਦੀ ਜਗ੍ਹਾ ਬਚ ਗਈ।

ਮੁਹੱਲੇ ਦੇ ਬਹੁਤ ਆਦਮੀ ਫੌਜ ਵਿੱਚ ਭਰਤੀ ਸਨ ਤੇ ਜ਼ਿਆਦਾਤਰ ਪੂਨੇ ਸਤਾਰੇ ਹੀ ਸੀ ਉਨ੍ਹਾਂ ਨੇ ਜਥੇਦਾਰ ਨੂੰ ਕਿਹਾ ਕਿ ਉਥੇ ਆ ਜਾਵੋ ਮਾਇਆ ਇਕੱਠੀ ਕਰਕੇ ਦੇਵਾਂਗੇ ਗੁਰਦੁਆਰਾ ਬਣਾ ਲੈਣਾ। ਉਨ੍ਹਾਂ ਦੇ ਕਹੇ ਅਨੁਸਾਰ ਜਥੇਦਾਰ ਜੀ ਨੇ ਲਾਭ ਸਿੰਘ ਦੇ ਢੋਲਕੀ ਬਜਾਉਣ ਲਈ ਬਲਿਹਾਰ ਸਿੰਘ ਦੋਨੋ ਰਤਨਗੜ੍ਹ ਨੂੰ ਨਾਲ ਲਿਆ ਕੀਰਤਨੀ ਜਥਾ ਬਣ ਕੇ ਪੂਨੇ ਪਹੁੰਚ ਗਏ ਤੇ ਕੀਰਤਨ ਕਰਕੇ ਫੌਜੀਆਂ ਤੇ ਹੋਰ ਸੰਗਤ ਤੋਂ ਮਿਲੀ ਮਾਇਆ ਇਕੱਠੀ ਕਰਕੇ ਮਹੀਨੇ ਦੇ ਅੰਦਰ-ਅੰਦਰ ਵਾਪਸ ਆ ਗਏ ਤੇ 1944 ਵਿੱਚ ਹੀ ਦੋ ਕਮਰੇ ਬਣਾ ਲਏ ਤੇ ਜੋ ਧਰਮਸ਼ਾਲਾ ਵਿੱਚ ਸੰਗਤ ਹੁੰਦੀ ਸੀ ਹੁਣ ਯਾਦਗਾਰ ਵਿੱਚ ਹੀ ਸੰਗ੍ਰਾਂਦ ਤੇ ਗੁਰਪੁਰਬ ਮਨਾਉਂਣੇ ਆਰੰਭ ਕਰ ਦਿੱਤੇ ਤੇ ਹਰ ਐਤਵਾਰ ਨੂੰ ਸੁਬਾ ਚਾਰ ਵਜੇ ਆਸਾ ਜੀ ਦੀ ਵਾਰ ਦਾ ਕੀਰਤਨ ਕਰਨਾ ਆਰੰਭ ਕਰ ਦਿੱਤਾ। ਜਥੇਦਾਰ ਜੀ ਨੇ ਭਾਈ ਹਜ਼ੂਰਾ ਸਿੰਘ, ਗੁਰਦਿਆਲ ਸਿੰਘ ਤੇ ਭਰਾ ਰਾਮ ਸਿੰਘ ਜੋ ਢੋਲਕੀ ਬਜਾਉਂਦਾ ਸੀ ਕੀਰਤਨ ਕਰਨ ਤੋਂ ਪਹਿਲਾਂ ਸਮੇਂ ਸਿਰ ਜਗਾ ਜਾਣਾ ਤੇ ਪਿਛੋਂ ਸੰਗਤ ਪਹੁੰਚੀ ਰਹਿੰਦੀ ਇਕ ਕਮਰੇ ਵਿੱਚ ਗੁਰ ਮਹਾਰਾਜ ਜੀ ਦਾ ਪ੍ਰਕਾਸ਼ ਤੇ ਕੀਰਤਨੀ ਜਥਾ ਤੇ ਹੋਰ ਭਾਈ ਤੇ ਦੂਜੇ ਕਮਰੇ ਵਿੱਚ ਬੀਬੀਆਂ ਬੈਠ ਜਾਈਆ ਤੇ ਬਹੁਤ ਸੰਗਤ ਬਾਹਰ ਬੈਠ ਜਾਂਦੀ 1944 ਤੋਂ ਹੀ ਜਥੇਦਾਰ ਨੇ ਸ੍ਰੀ ਫਤਹਿਗੜ੍ਹ ਸਾਹਿਬ ਜੋੜ ਮੇਲ ਗਿਆਨੀ ਦਿੱਤ ਸਿੰਘ ਪ੍ਰਤੀਨਿੱਧ ਖਾਲਸਾ ਦਿਵਾਨ ਦੇ ਨਾਮ ਤੇ ਦਿਵਾਨ ਹਰ ਸਾਲ ਲਾਉਣਾ ਆਰੰਭ ਕਰ ਦਿੱਤੇ ਸਭਾ ਤੋਂ ਪਹਿਲਾਂ ਜਾ ਕੇ ਬਚਿਆ ਨੂੰ ਲਗਾ ਕੇ ਜਗ੍ਹਾ ਸਫਾਈ ਕਰਾਉਣਾ ਕਿਉਂਕਿ ਉਸ ਸਮੇਂ ਹਰ ਜਗ੍ਹਾ ਇੱਟਾ ਰੋੜੇ ਆਮ ਹੁੰਦੇ ਸਨ।

ਗੁਰਦੁਆਰਾ ਸਾਹਿਬ ਤੇ ਠੰਡੇ ਬੁਰਜ ਦੇ ਵਿਚ ਗਿਆਨੀ ਦਿੱਤ ਸਿੰਘ ਜੀ ਦੇ ਨਾਂ ਤੇ ਇਕ ਬੁੰਗਾ (ਕਮਰਾ) ਬਣਿਆ ਸੀ ਤੇ ਪਲਾਟ ਤੇ ਚਾਰ ਦੀਵਾਰੀ ਸੀ ਵਿਚਕਾਰ ਇਕ ਖੂਹੀ ਸੀ ਜੋੜ ਮੈਲ ਸਮੇਂ ਇਸ ਬਰਾਦਰੀ ਦੇ ਪੁਰਸ਼ ਜਾ ਕੇ ਠਹਿਰ ਦੇ ਜਿਸ ਤੇ ਭਗੜਾਣੇ ਤੇ ਖੰਨੇ ਦੇ ਪ੍ਰਬੰਧਕਾਂ ਦਾ ਕਬਜ਼ਾ ਸੀ ਤੇ ਨੰਦਪੁਰ ਦਾ ਭਾਈ ਦਲੀਪ ਸਿੰਘ ਵੀ ਉਨ੍ਹਾਂ ਪ੍ਰਬੰਧਕਾਂ ਵਿੱਚ ਸ਼ਾਮਲ ਸੀ। ਜੋ ਉਸ ਬੁੰਗੇ ਵਿੱਚ ਖੂਹੀ ਸੀ ਉਸ ਨੂੰ ਚੁਗਿਰਦੇ ਕੋਈ ਰੋਕ ਨਹੀਂ ਸੀ। ਇਕ ਦਿਨ ਭਾਈ ਦਲੀਪ ਸਿੰਘ ਹਨੇਰੇ ਵਿੱਚ ਉਸ ਖੂਹੀ ਵਿੱਚ ਗਿਰ ਗਿਆ ਤੇ ਮੌਤ ਹੋ ਗਈ ਜਿਸ ਦੀ ਕੁਝ ਸਮੇਂ ਪਿਛੋ ਉਹ ਜਗ੍ਹਾ ਗੁਰਦੁਆਰੇ ਦੀ ਨਵੀਂ ਉਸਾਰੀ ਲਈ ਸ਼੍ਰੋਮਣੀ ਕਮੇਟੀ ਨੇ ਕਬਜ਼ਾ ਕਰ ਲਿਆ।

1945 ਵਿੱਚ ਯਾਦਗਾਰ ਗਿਆਨੀ ਦਿੱਤ ਸਿੰਘ ਵਿੱਚ ਖੂਹੀ ਪੁਟਣੀ ਆਰੰਭ ਕੀਤੀ ਜੋ ਕਿ 1946 ਤੱਕ ਪੂਰੀ ਤਿਆਰ ਹੋ ਗਈ। ਜਥੇਦਾਰ ਸਾਹਿਬ ਨੇ ਤਾਂ ਸਾਰੀ ਜ਼ਿੰਦਗੀ ਪਾਠ ਕਰਨ ਤੇ ਕੀਰਤਨ ਕਰਨ ਦੀ ਜੋ ਮਾਇਆ ਆਉਣ ਗੁਰਦੁਆਰੇ ਖਰਚ ਕਰਦੇ ਭਾਈ ਹਜ਼ੂਰ ਸਿੰਘ ਤੇ ਗੁਰਦਿਆਲ ਸਿੰਘ ਵੀ ਪਾਠ ਕਰਨ ਦੀ ਆਪਣੇ ਨਗਰ ਕਲੌੜ ਵਿੱਚ ਕੀਰਤਨ ਆਦਿ ਦੀ ਮਾਇਆ ਭੀ ਦੋਨਾ ਭਰਾਵਾਂ ਨੇ ਗੁਰ ਘਰ ਤੇ ਖਰਚ ਕਰ ਦਿੰਦੇ। ਜਥੇਦਾਰ ਜੀ ਨੇ ਹਰ ਸਾਲ ਫਤਹਿਗੜ੍ਹ ਸਾਹਿਬ ਤੇ ਬਾਬਾ ਰੋਡੂ ਮੱਲ ਨੰਦਪੁਰ ਕਲੌੜ ਦਿਵਾਨ ਲਾਉਂਦੇ ਰਹਿਣਾ ਬਾਹਰੋਂ ਆਏ ਸਜਨ ਮਿੱਤਰਾ ਨਾਲ ਮੇਲ ਮਿਲਾਣੀ ਹੁੰਦਾ ਰਿਹਾ 1947 ਵਿੱਚ ਆਜ਼ਾਦੀ ਤੇ ਦੇਸ਼ ਦੀ ਵੰਡ ਪਿਛੋਂ ਬਹੁਤ ਮੁਸਲਮਾਨ ਪਾਕਿਸਤਾਨ ਚਲੇ ਗਏ ਤੇ ਲੋਕਾਂ ਨੇ ਲੁਟ ਖੋਹਾਂ ਕੀਤੀਆਂ ਜਥੇਦਾਰ ਜੀ ਨੇ ਮੇਣ ਪਿੰਡ ਜੋਨਦੀ ਤੇ ਪਾਰਸੀ ਉਥੋਂ ਗੁਰਦੁਆਰੇ ਲਈ ਹਲਟੀ ਦਾ ਸਾਰਾ ਸਮਾਨ (ਬੰਡ ਟਿੰਡਾ ਆਦਿ) ਆਪਣੇ ਗਿਰ ਤੇ ਕਈ ਚੱਕਰਾ ਵਿੱਚ ਲਿਆਂਦਾ ਗੁਰਦੁਆਰੇ ਦੀ ਖੂਹੀ ਤੇ ਲਾਇਆ ਗਿਆ। ਹਲਟੀ ਚਾਲੂ ਕਰ ਦਿੱਤੀ ਹੱਥੀਂ ਗੇੜ ਕੇ ਬਾਹਰ ਪਸ਼ੂਆਂ ਦੇ ਪੀਣ ਲਈ ਪਾਣੀ ਦੀ ਖੇਲ ਭਰ ਦੇਣੀ ਤੇ ਖੂਹੀ ਦੇ ਲਾਗੇ ਭਾਈਆਂ ਦੇ ਇਸ਼ਨਾਨ ਕਰਨ ਲਈ ਖੇਤ ਵਿੱਚ ਪਾਣੀ ਭਰ ਕੇ ਜੋ ਟੂਟੀਆਂ ਰਾਹੀਂ ਇਸ਼ਨਾਨ ਕਰ ਲੈਂਦੇ।

ਤਕਰੀਬਨ 1946 ਵਿੱਚ ਬਾਬਾ ਜਿਉਣ ਸਿੰਘ ਗੁਰਦੁਆਰੇ ਵਿੱਚ ਗ੍ਰੰਥੀ ਰੱਖ ਲਿਆ ਜੋ ਬੱਚਿਆਂ ਨੂੰ ਪੜ੍ਹਾਉਣ ਦਾ ਕੰਮ

ਭੀ ਕਰਦਾ ਸੀ। ਜਥੇਦਾਰ ਜੀ ਨੇ ਬੀਬੀਆਂ ਬੱਚੀਆਂ ਦੇ ਪੜ੍ਹਨ ਲਈ ਧਰਮਸ਼ਾਲਾ ਵਿੱਚ ਗਿਆਨੀ ਦਿੱਤ ਸਿੰਘ ਕੰਨਿਆਂ ਪਾਠਸ਼ਾਲਾ ਆਰੰਭ ਦਿੱਤੀ ਬੱਚੀਆਂ ਨੂੰ ਪੰਜਾਬੀ ਪੜ੍ਹਾਉਣ ਲਈ ਅਧਿਆਪਕਾ ਦਾ ਪ੍ਰਬੰਧ ਕੀਤਾ ਜੋ ਤਿੰਨ ਸਾਲ ਪਿਛੋਂ ਸਕੂਲ ਦੇ ਲਾਗੇ ਗੁਰਦੁਆਰਾ ਤੇਗ ਬਹਾਦਰ ਦੇ ਨੇੜੇ ਚਲਾ ਗਿਆ।

ਪਾਕਿਸਤਾਨ ਤੋਂ ਆਏ ਭਾਈ ਗੁਰਬਚਨ ਪੁੱਤਰ ਕਰੋੜਾ ਸਿੰਘ ਦਾ ਬਾਬਾ ਗੁਰਦੁਆਰਾ ਸਾਹਿਬ ਦੀ ਹਲਟੀ ਤੇ ਸੇਵਾ ਕਰਦਾ। ਪ੍ਰਬੰਧਕਾਂ ਨੇ ਇਕ ਕੱਟਾ ਹਲਟੀ ਨੂੰ ਚਲਾਉਣ ਲਈ ਲਿਆਂਦਾ ਇਸ ਦੀ ਦੇਖ ਭਾਲ ਤੇ ਹਲਟੀ ਨੂੰ ਜੋੜ ਕੇ ਸੁਭਾ ਪਹਿਲਾਂ ਚਾਲੂ ਕਰਨਾ ਇਸ ਬਜ਼ੁਰਗ ਮੱਘਰ ਸਿੰਘ ਨੇ ਗੁਰਬਚਨ ਸਿੰਘ ਨੂੰ ਮੋਢਿਆਂ ਦੇ ਬਿਠਾ ਕੇ ਹਲਟੀ ਚਲਾਈ ਜਾਣੀ ਤੇ ਪਾਣੀ ਭਰ ਦੇਣਾ।

1947 ਵਿੱਚ ਜਦੋਂ ਮੁਸਲਮਾਨ ਘਰ ਬਾਰ ਛੱਡ ਕੇ ਚਲੇ ਗਏ ਏਥੇ ਰਹਿਣ ਵਾਲਿਆਂ ਉਨ੍ਹਾਂ ਘਰਾਂ ਵਿਚੋਂ ਸਮਾਨ ਚੁਕਣ ਲੱਗੇ ਜਿਸ ਨੂੰ ਜੋ ਕੁਝ ਮਿਲਦਾ ਲੈ ਆਉਂਦੇ। ਉਸ ਸਮੇਂ ਮੱਘਰ ਸਿੰਘ ਜੋ ਸਰਦਾਰਾ ਸਿੰਘ ਮੁਕੰਦੀ ਸਿੰਘ ਦਾ ਪਿਤਾ ਸੀ ਨੂੰ ਮਾਇਆ ਰੁਪਏ ਹੱਥ ਲੱਗ ਗਏ ਜਿਸ ਦੀ ਚਰਚਾ ਵੀ ਹੋਣ ਲੱਗੀ। ਸਮੇਂ ਪਿਛੋ ਪੁਲਿਸ ਵਾਲਿਆਂ ਨੇ ਉਹ ਚੁਕੇ ਸਮਾਨ ਲੈਣ ਲਈ ਪਿੰਡਾ-ਪਿੰਡਾ ਵਿੱਚ ਆ ਕੇ ਸਮਾਨ ਕਢਾ ਕੇ ਪਾਕਿਸਤਾਨ ਤੋਂ ਆਏ ਲੋਕਾਂ ਨੂੰ ਦੇ ਦਿੰਦੇ। ਬਾਬਾ ਜੀਊਣ ਸਿੰਘ ਗੁੰਥੀ ਦਾ ਮੱਘਰ ਸਿੰਘ ਨਾਲ ਮੇਲ ਬਹੁਤ ਸੀ ਉਸ ਨੇ ਮੱਘਰ ਸਿੰਘ ਪ੍ਰੇਰ ਕੇ ਜੋ ਲੁੱਟ ਦੀ ਮਾਇਆ ਹੈ ਉਸ ਵਿਚੋਂ ਗੁਰਦੁਆਰਾ ਸਾਹਿਬ ਲਾਊਡ ਸਪੀਕਰ ਖਰੀਦਣ ਲਈ ਪ੍ਰੇਰਿਆ ਤੇ ਮੱਘਰ ਸਿੰਘ ਨੇ 1948 ਵਿੱਚ ਪਟਿਆਲੇ ਤੋਂ ਲਾਊਡ ਸਪੀਕਰ ਖ੍ਰੀਦ ਕੇ ਗੁਰਦੁਵਾਰੇ ਨੂੰ ਦਾਨ ਕਰ ਦਿੱਤਾ।

ਜਥੇਦਾਰ ਬਖਸ਼ੀਸ਼ ਸਿੰਘ ਨੇ ਜੋ ਗਿਆਨੀ ਦਿੱਤ ਸਿੰਘ ਪ੍ਰਤੀਨਿਧ ਖਾਲਾਸਾ ਦਿਵਾਨ ਬਣਾਇਆ ਸੀ ਉਸ ਨੂੰ ਸਹੀ ਦਿਸ਼ਾ ਵਿੱਚ ਚਾਲੂ ਕਰਨ ਲਈ ਇਕ ਵੱਡਾ ਇਕੱਠ 1948 ਵਿੱਚ ਕੀਤਾ ਤਾਂ ਕੇ ਪ੍ਰਧਾਨ, ਸੈਕਟਰੀ ਆਦਿ ਚੁਣੇ ਜਾਣ। ਇਸ ਇਕੱਠ ਵਿੱਚ ਪੁੱਜੇ ਸਜਨ ਇਹ ਹਨ। ਸ. ਗੁਰਬਖਸ਼ ਸਿੰਘ ਰਾਹੀ ਤੇ ਕੁੰਦਨ ਸਿੰਘ ਪਤੰਗ ਬਰਨਾਲਾ, ਭਾਈ ਨਾਰੰਗ ਸਿੰਘ ਪਟਿਆਲਾ, ਜੀਊਣ ਸਿੰਘ ਲੁਧਿਆਣਾ, ਮਹਿਮਾ ਸਿੰਘ, ਗੁਰਬਖਸ਼ ਸਿੰਘ ਜੀਊਣ ਸਿੰਘ ਮੁਸਫਾਬਾਦ, ਈਸ਼ਰ ਸਿੰਘ ਮਕੜੌਨਾ ਕਲਾ, ਜਗੀਰ ਸਿੰਘ, ਤੇਜਾ ਸਿੰਘ ਮੋਰਿੰਡਾ, ਚੰਨਣ ਸਿੰਘ, ਰਾਜਾ ਸਿੰਘ, ਗੁਰਦਿਆਲ ਸਿੰਘ, ਤੇਜਾ ਸਿੰਘ, ਚੰਨਣ ਸਿੰਘ ਚੌਧਰੀ ਬੱਸੀ ਪਠਾਣਾ ਕਰਤਾਰ ਸਿੰਘ ਕੋਟਲਾ, ਸਮਸ਼ੇਰ ਸਿੰਘ ਵੈਦ ਗੁਪਾਲੋਂ, ਪ੍ਰੀਤਮ ਸਿੰਘ, ਜਨਕ ਸਿੰਘ, ਜਵਾਲਾ ਸਿੰਘ ਨੰਦਪੁਰ, ਲਛਮਣ ਸਿੰਘ, ਬੰਤਾ ਸਿੰਘ ਅਰਜਨ ਸਿੰਘ, ਜੀਵਾ ਸਿੰਘ, ਖੇੜੀ ਬੀਰ ਸਿੰਘ, ਸੰਤ ਲਛਮਣ ਸਿੰਘ, ਸਾਧੂ ਸਿੰਘ ਦਰਦ ਜਨਕ ਸਿੰਘ, ਸੁਰਤਾ ਸਿੰਘ, ਜੋਗਿੰਦਰ ਸਿੰਘ, ਭਜਨ ਸਿੰਘ ਗੜਾਂਗਾ। ਦਲੀਪ ਸਿੰਘ, ਰੂੜ ਸਿੰਘ ਚੋਲਟਾ, ਪ੍ਰਤਾਪ ਸਿੰਘ ਚਤਾਮਲੀ, ਕਰਤਾਰ ਸਿੰਘ, ਹਰੀ ਸਿੰਘ ਮਦਵਾੜਾ, ਰਾਮ ਸਿੰਘ ਸਾਨੇਵਾਲ, ਬੰਤ ਸਿੰਘ, ਸੀਤਲ ਸਿੰਘ, ਬਖਸ਼ੀਸ਼ ਸਿੰਘ ਦੂਲ੍ਹਮਾ, ਲਾਲ ਸਿੰਘ ਬਿਜਲੀ, ਜਸਵੰਤ ਸਿੰਘ ਸਮਰਾਲਾ, ਪਰਚ ਸਿੰਘ, ਜਨਕ ਸਿੰਘ, ਜੀਤ ਸਿੰਘ ਖੰਨਾ, ਤਾਰਾ ਸਿੰਘ ਤੇ ਹੋਰ ਭਗੜਾਣਾ ਸੁਰਤਾ ਸਿੰਘ ਲਹਿਰਾ ਅਹਿਮਦਗੜ੍ਹ, ਹਜ਼ਾਰਾ ਸਿੰਘ ਭੜੀ ਦਾ ਕੋਟਲਾ, ਕਰਤਾਰ ਸਿੰਘ, ਗੁਰਦਿਆਲ ਸਿੰਘ ਘੜੂਆਂ, ਕਰੋੜਾ ਸਿੰਘ, ਸਰਦਾਰਾ ਸਿੰਘ ਰੋਪੜ ਤੇ ਹੋਰ ਵੀ ਬਹੁਤ ਸਾਰੇ ਸਜਨ ਤੇ ਮੁਹੱਲਾ ਨਗਰ ਨਿਵਾਸੀ ਇਕੱਠੇ ਹੋਏ ਪ੍ਰਧਾਨ ਦੀ ਚੋਣ ਹਰ ਸਾਲ ਹੁੰਦੀ ਰਹੀ। ਜਿਸ ਵਿੱਚ ਜ਼ਿਆਦਾ ਦੇਰ, ਗੁਰਦਿਆਲ ਸਿੰਘ ਬੱਸੀ, ਗੁਰਬਖਸ਼ ਸਿੰਘ ਮੁਸਤਫਾਬਾਦ, ਪ੍ਰਤਾਪ ਸਿੰਘ ਚਤਮਾਲੀ ਆਦਿ ਨੇ ਵੱਧ ਸਮਾਂ ਪ੍ਰਧਾਨਗੀ ਕੀਤੀ, ਜਰਨਲ ਸੈਕਟਰੀ ਨੁਰੰਗ ਸਿੰਘ ਪਟਿਆਲਾ ਅਖੀਰ ਉਮਰ ਤੱਕ ਰੱਖਿਆ।

ਸ਼੍ਰੋਮਣੀ ਕਮੇਟੀ ਨਾਲ ਜਦੋਂ ਜਹਿਦ ਕਰਨ ਨਾਲ ਬੁੰਗਾ ਗਿਆਨੀ ਦਿੱਤ ਸਿੰਘ ਅੱਜ ਸ੍ਰੀ ਫਤਹਿਗੜ੍ਹ ਸਾਹਿਬ ਮੇਨਰੋਡ ਨੇੜੇ ਰੇਲਵੇ ਫਾਟਕ ਕੈਮ ਹੈ ਜਿਸ ਤੇ ਸ. ਜਸਵੰਤ ਸਿੰਘ ਭਾਨ ਖੇੜੀ ਵਾਲੇ ਦੇਖ ਰੇਖ ਕਰਦੇ ਹਨ ਤੇ ਗੁਰਨਾਮ ਸਿੰਘ ਬਿਜਲੀ ਮੋਰਿੰਡਾ ਵਾਲੇ ਗਿਆਨੀ ਦਿੱਤ ਸਿੰਘ ਪ੍ਰਤੀਨਿਧੀ ਖਾਲਸਾ ਦਿਵਾਨ ਦੇ ਪ੍ਰਧਾਨ ਹਨ ਜੋ ਜਥੇਦਾਰ ਬਖਸ਼ੀਸ਼ ਸਿੰਘ ਦੀ ਚਲਾਈ ਨੀਤੀ 1943 ਤੋਂ ਸ੍ਰੀ ਫਤਹਿਗੜ੍ਹ ਸਾਹਿਬ ਹਰ ਸਾਲ ਜੋੜ ਮੇਲੇ ਤੇ ਦਿਵਾਨ ਦੀ ਸੇਵਾ ਚਾਲੂ ਹੈ।

ਜਥੇਦਾਰ ਜੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਜਦੋਂ ਜਾਹਿਦ ਕਰਕੇ ਗਿਆਨੀ ਦਿੱਤ ਸਿੰਘ ਦਾ ਸਰੂਪ ਸ੍ਰੀ ਅੰਮ੍ਰਿਤਸਰ ਅਜਾਇਬ ਘਰ ਵਿੱਚ ਲਗਵਾਇਆ ਅਤੇ ਸ੍ਰੀ

ਫਤਹਿਗੜ੍ਹ ਸਾਹਿਬ ਡਿਊਟੀ ਵਿੱਚ ਜੋ ਅਜਾਇਬ ਘਰ ਹੈ ਉਸ ਥਾਂ ਵੀ ਗਿਆਨੀ ਜੀ ਦਾ ਸਰੂਪ ਲਵਾਇਆ ਸ. ਗੁਰਚਰਨ ਸਿੰਘ ਟੌਹੜਾ ਨਾਲ ਚੰਗੇ ਸੰਬੰਧ ਹੋਣ ਦਾ ਹੀ ਸਿੱਟਾ ਹੈ।

ਕਈ ਦਫਾ ਰਾਗੀ ਢਾਡੀ ਆ ਕੇ ਸੇਵਾ ਨਿਭਾਉਂਦੇ ਰਹੇ ਸ਼੍ਰੋਮਣੀ ਕਮੇਟੀ ਤੋਂ ਕਈ ਦਫਾ ਮਾਲੀ ਸਹਾਇਤਾ ਪ੍ਰਾਪਤ ਕੀਤੀ ਜਿਸ ਨਾਲ ਯਾਦਗਾਰ ਦੀ ਜਗਾ ਚਾਰ ਦਿਵਾਰੀ ਹੋਰ ਉਸਾਰੀ ਦਾ ਕੰਮ ਹੋਇਆ।

ਜਥੇਦਾਰ ਸਾਹਿਬ ਦੀ ਦਿੱਲੀ ਇਹੋ ਕਾਮਨਾ ਸੀ ਕਿ ਗਿਆਨੀ ਦਿੱਤ ਸਿੰਘ ਯਾਦਗਾਰ ਕੰਮ ਕੀਤੀ ਜਾਵੇ ਸ਼੍ਰੋਮਣੀ ਕਮੇਟੀ ਵਲੋਂ ਸਹਾਇਤਾ ਪ੍ਰਾਪਤ ਕਰਕੇ 1974 ਵਿੱਚ ਇਕ ਯਾਦਗਾਰ ਗੁਰਦੁਆਰਾ ਸਾਹਿਬ ਤਿਆਗ ਹੋਇਆ 1975 ਵਿੱਚ ਪੂਰੀ ਤਿਆਰੀ ਹੋ ਗਈ ਤੇ ਸਾਰੇ ਗੁਰਘਰ ਦੇ ਸਮਾਗਮ ਇਸ ਯਾਦਗਾਰ ਵਿੱਚ ਮਨਾਉਣੇ ਆਰੰਭ ਹੋਏ ਇਹ ਸਭ ਕੁਝ ਜਥੇਦਾਰ ਜੀ ਦੀ ਲੱਗਣ ਘਰ ਬਾਰ ਦੇ ਕੰਮ ਨੂੰ ਤਿਲਾਂਜਲੀ ਦੇ ਕੇ ਖੁਸ਼ੀ ਮਨਾਈ ਕਿ ਮੇਰਾ ਮਨੋਰਥ ਪੂਰਾ ਹੋ ਗਿਆ 1976 ਜੁਲਾਈ ਵਿੱਚ ਜਥੇਦਾਰ ਜੀ ਬਿਮਾਰ ਹੋ ਗਏ ਆਪਣਾ ਅਖੀਰ ਸਮਾਂ ਨੇੜੇ ਦੇਖ ਕੇ ਦਿੱਲੀ ਇੱਛਾ ਯਾਦਗਾਰ ਦੇ ਦਰਸ਼ਨ ਕਰਨ ਲਈ ਕਿਹਾ ਜਿਸ ਨੂੰ ਉਸ ਦੇ ਪੁੱਤਰਾਂ ਨੇ ਚੁੱਕ ਕਰ ਗੁਰਦੁਆਰਾ ਸਾਹਿਬ ਲੈ ਗਏ ਜਥੇਦਾਰ ਜੀ ਨੇ ਅੰਦਰ ਜਾ ਕਰ ਅਰਦਾਸ ਕਰੀ ਤੇ ਬਿਨਾ ਕਿਸੇ ਸਹਾਰੇ ਪ੍ਰਕਰਮਾ ਕੀਤੀ ਤੇ ਕਿਹਾ ਅੱਜ ਮੈਂ ਖੁਸ਼ ਪ੍ਰਸੰਨ ਹਾਂ ਕਿ ਇਹ ਮਿਥਿਆ ਮਨੋਰਥ ਮੇਰੇ ਹੱਥੀ ਦੇਖ ਭਾਲੇ ਵਿੱਚ ਪੂਰਾ ਹੋਇਆ ਨਿਮਸਕਾਰ ਕੀਤੀ ਤੇ ਵਾਪਸ ਘਰ ਚੁੱਕ ਕੇ ਲਿਆਂਦਾ ਗਿਆ ਉਸ ਸਮੇਂ ਤੋਂ ਹੀ ਚਾਰੇ ਪੁੱਤਰ ਤੇ ਪ੍ਰਵਾਰ ਉਨ੍ਹਾਂ ਪਾਸ ਹੀ ਬੈਠਿਆ ਬਚਨ ਗੱਲਬਾਤ ਕਰਦਾ ਰਿਹਾ 19 ਜੁਲਾਈ ਅੰਮ੍ਰਿਤ ਵੇਲੇ ਤਕਰੀਬਨ ਦੋ ਵਜੇ ਜਰਨੈਲ ਸਿੰਘ ਨੂੰ ਸੁਖਮਨੀ ਸਾਹਿਬ ਦਾ ਪਾਠ ਕਰਨ ਲਈ ਕਿਹਾ ਪੂਰਾ ਸੁਖਮਨੀ ਸਾਹਿਬ ਪਾਠ ਸੁਣਿਆ ਤੇ ਦੁਬਾਰਾ ਪਾਠ ਕਰਨ ਲਈ ਕਿਹਾ ਪੰਜ ਅਸ਼ਟਪਦੀਆਂ ਦਾ ਪਾਠ ਪੂਰਾ ਹੋਣ ਨਾਲ ਹੀ ਅਖੀਰ ਦਾ ਸਵਾਸ ਲਿਆ ਤੇ ਸੰਸਾਰ ਤੋਂ ਕੂਚ ਕਰ ਗਏ।

ਗੁਰਮੁਖ ਜਨਮ ਸਵਾਰ ਦਰਗਾਹਿ ਚਲਿਆ
ਦਰਗਹਿ ਜਾਹਿ ਸਚਾ ਪਿੜ ਮਲਿਆ

ਜਥੇਦਾਰ ਜੀ ਦੀ ਅੰਤਿਮ ਸੰਸਕਾਰ ਯਾਤਰਾ ਸਮੇਂ ਕਲੌੜ ਦਾ ਪੰਚ ਅਤੇ ਸਰਪੰਚ ਸੀ ਬਚਨ ਲਾਲ ਪੰਡਤ ਜੀ ਪੁਜੇ ਗਏ ਕਿਹਾ ਕਿ ਨਗਰ ਦਾ ਸਿਰ ਕੱਢ ਆਦਮੀ ਇਸ ਨਗਰ ਨੂੰ ਰੰਡਾ ਕਰ ਕੇ ਚਲਾ ਗਿਆ ਉਸ ਦੇ ਕੀਤੇ ਕੰਮ ਹੀ ਉਸ ਦੀ ਯਾਦ ਰਹਿਣਗੇ ਮੈਂ ਦੁੱਖ ਮਹਿਸੂਸ ਕਰਦਾ ਹਾਂ।

ਸ. ਬਖਸ਼ੀਸ਼ ਸਿੰਘ ਜੀ ਜਥੇਦਾਰ ਜੀ ਨੇ ਤੀਰਥ ਸਿੰਘ ਦੇ ਪ੍ਰੇਰਨਾ ਸਦਕਾ ਸਤਿਗੁਰ ਬਾਬਾ ਦਰਵੇਸ਼ ਹਰੀ ਕੀ ਸੰਤ ਮੰਡਲ ਦੇਹਰਾਦੂਨ ਦੇ ਦਰਸ਼ਨ ਕੀਤੇ ਅਖੀਰ ਤੱਕ ਉਨ੍ਹਾਂ ਦੇ ਪੈਰੋਕਾਰ ਸੰਗਤ ਕਰਦੇ ਰਹੇ ਬਾਬਾ ਜੀ ਨੇ ਪੰਜਾਬ ਦਿਆ ਦਸ ਯਾਤਰਾ ਕਲੰਗੀਸ਼ਾਹੀ ਜਮਾ ਪਹਿਨ ਕਰ ਕੀਤੀਆਂ ਤੇ ਦਸਵੇਂ ਪਾਤਸ਼ਾਹ ਦੇ ਪੂਰਬਲੇ ਬਚਨਾ ਨੂੰ ਪੂਰਾ ਕੀਤਾ 20 ਨਵੰਬਰ 1969 ਪੰਜ ਸੌ ਸਾਲਾ ਤੇ ਅਕਾਲ ਤਖਤ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਗਏ।

ਜਥੇਦਾਰ ਜੀ ਨੇ 1971 ਦੀ ਯਾਤਰਾ ਜੋ ਭਾਖਰਪੁਰ, ਹੁਸ਼ਿਆਰਪੁਰ, ਪਠਾਨਕੋਟ, ਗੁਰਦਾਸਪੁਰ, ਬਟਾਲਾ ਤੋਂ ਵਲਟੋਹਾ ਤੱਕ ਕੀਤੀ। ਕਾਂਗਰਸ ਵਿੱਚ ਡਾ. ਵੇਦ ਪ੍ਰਕਾਸ਼ ਤੇ ਪ੍ਰੇਮ ਚੰਦ ਬੱਸੀ ਜੋ ਕਿ ਉੱਘੇ ਲੀਡਰ ਸਨ ਨਾਲ ਮਿਲ ਕੇ ਪ੍ਰਚਾਰ ਵੀ ਕਰਦੇ ਤੇ ਇਲਾਕੇ ਵਿੱਚ ਪ੍ਰਭਾਵ ਸੀ। 1953 ਵਿਧਾਨ ਸਭਾ ਚੋਣਾ ਵਿੱਚ ਅੱਛਰ ਸਿੰਘ ਦੇ ਮੁਕਾਬਲੇ ਚੋਣ ਅਜ਼ਾਦ ਲੜਿਆ। ਸਾਇਕਲ ਚੋਣ ਨਿਸ਼ਾਨ ਐਮ.ਐਲ.ਏ. ਦੀ ਪਾਰਟੀ ਦੇ ਲੀਡਰਾਂ ਨੇ ਬਹੁਤ ਕਿਹਾ ਕੇ ਬੈਠ ਜਾਵੋ ਜਥੇਦਾਰ ਜੀ ਨੇ ਕਿਹਾ ਕਿ ਮੁਕੱਦਮਿਆਂ ਵਿੱਚ ਦੂਜੀ ਧਿਰਦੇ ਵਕੀਲ ਸਨ ਜਿਸ ਨੂੰ ਹਰਾਉਣਾ ਹੀ ਹੈ। ਕੁਝ ਅਕਾਲੀ ਕੈਂਡੀਡੇਟ ਬੇਅੰਤ ਸਿੰਘ ਬਹਾਦਰਗੜ੍ਹ ਨੇ ਸਹਾਇਤਾ ਕੀਤੀ ਕਿ ਨਾ ਬੈਠਣਾ ਬੇਅੰਤ ਸਿੰਘ ਜਿੱਤ ਗਿਆ। ਅਛਰਾ ਸਿੰਘ ਹਾਰ ਗਿਆ ਤੇ ਬੱਸੀ ਛੱਡ ਕਰ ਚੰਡੀਗੜ੍ਹ ਚਲਾ ਗਿਆ ਇਸ ਪਿਛੋਂ ਜਥੇਦਾਰ ਜੀ ਅਖੀਰ ਤੱਕ ਅਕਾਲੀ ਪਾਰਟੀ ਨਾਲ ਜੀ ਜੁੜਿਆ ਰਿਹਾ ਤੇ ਸ਼੍ਰੋਮਣੀ ਤੋਂ ਸਹਾਇਤਾ ਪ੍ਰਾਪਤ ਕਰਕੇ ਯਾਦਗਾਰ ਗਿਆਨੀ ਦਿੱਤ ਸਿੰਘ ਉਸਾਰੀ ਹੁੰਦੀ ਰਹੀ। ਹੋਰ ਭੀ ਅਨੇਕਾਂ ਪ੍ਰਉਕਾਰ ਕੀਤੇ ਜੋ ਸਦਾ ਯਾਦ ਰਹਿਣਗੇ।

****



ਨਿੱਕੀਆਂ ਜਿੰਦਾਂ ਤੇ ਵੱਡੇ ਸਾਕੇ

ਲੇਖਕ: ਗੁਰਬਖ਼ਸ਼ ਸਿੰਘ ਕੇਸਰੀ

ਸੰਪਾਦਕ: ਡਾ. ਕਰਨੈਲ ਸਿੰਘ ਸੋਮਲ
98141-57137

ਸ੍ਰੀ ਗੁਰੂ ਦਸਮੇਸ਼ ਜੀ ਦੀ ਅਦੁੱਤੀ ਵੀਰਤਾ ਨਾਲ , ਸ਼ਾਹਾਂ , ਬਾਦਸ਼ਾਹਾਂ , ਕਰਨੈਲਾਂ , ਜਰਨੈਲਾਂ ਅਤੇ ਅਵਤਾਰਾਂ ਨਾਲ ਟਕਰਾ ।

ਵੱਡੇ ਵੱਡੇ ਜਰਨੈਲ , ਕਰਨੈਲ , ਸੂਰੇ ,
ਸ਼ਾਹਨਸ਼ਾਹ ਵੀ ਕਿਤੇ ਲਾਚਾਰ ਹੋਏ ।
ਕੈਦਾਂ ਕੱਟੀਆਂ ਬੰਨੇ ਗਏ ਵਿਚ ਬਾਂਦਾਂ ,
ਜੰਗਲ , ਪਰਬਤਾਂ ਵਿਚ ਖ਼ੁਆਰ ਹੋਏ ॥
ਜਦੋਂ ਪਈਆਂ ਮੁਸੀਬਤਾਂ ਆਣ ਸਿਰ ' ਤੇ ,
ਛੱਡ ਹੌਸਲੇ ਤਾਬਿਆਦਾਰ ਹੋਏ ।
ਝੁਕੇ ਅੰਤ ਨੂੰ ਰਾਣਾ ਪਰਤਾਪੀ ਵਰਗੇ ,
ਈਨ ਮੰਨਣ ਲਈ ਤਿਆਰ ਹੋਏ ॥
ਅਕਬਰ ਪਾਸ ਇਉਂ ਲਿਖ ਅਰਦਾਸ ਭੇਜੀ ,
ਡਾਢੇ ਦਾਸ ਪਰ ਅਤਿਆਚਾਰ ਹੋਏ ॥
ਮਾਫ਼ ਕਰੋ ਮੁਸੀਬਤਾਂ ਘੱਟ ਕਰਦੋ ,
ਅਸੀਂ ਆਪ ਦੇ ਐਨ ਅਨੁਸਾਰ ਹੋਏ ॥
ਭੁੱਖੀ ਰਹੀ ਬੇਟੀ , ਬਿੱਲੀ ਟੱਕ ਲੈ ਗਈ ,
ਜੰਗਲ ਵਿਚ ਤਦ ਬੇਇਖਤਿਆਰ ਹੋਏ ।
ਨਾਮੀ ਸੂਰਮੇ ਘੇਰਿਆਂ ਵਿਚ ਘਿਰ ਕੇ ,
ਡਾਢੇ ਨਾਲ ਬਿਦਰਦੀਆਂ ਮਾਰ ਹੋਏ ॥
ਫ਼ੇਲ੍ਹ ਹੋਏ ਇਰਾਦੇ ਤੇ ਦਿਲ ਟੁੱਟੇ ,
ਵਿਚ ਆਫ਼ਤਾਂ ਫਸ ਸ਼ਿਕਾਰ ਹੋਏ ॥
ਜਨਰਲ ਕੌਨਜੀਤ ਜਰਨੈਲ ਜੋ ਬੋਅਰਾਂ ਦੇ ,
ਸਵਾਲ ਅੰਦਰ ਗਰਿਫ਼ਤਾਰ ਹੋਏ ॥
ਫ਼ੌਜ ਚਾਰ ਹਜ਼ਾਰ ਸੀ ਕੋਲ ਉਸਦੇ ,
ਹੋਰ ਤੋਪ ਬੰਦੂਕ ਹਥਿਆਰ ਹੋਏ ॥
ਫਿਰ ਵੀ ਆਪਣਾ ਆਪ ਬੰਨਵਾ ਲੀਤਾ ,
ਉਸ ਦੇ ਸਾਰੇ ਹਥਿਆਰ ਬੇਕਾਰ ਹੋਏ ।
ਡਾਢੇ ਬਾਦਸ਼ਾਹ ਜਰਮਨੀ, ਰੂਸ, ਇਟਲੀ,
ਬੋਨਾਪਾਰਟ ਦੇ ਅੱਗੇ ਲਾਚਾਰ ਹੋਏ ।
ਮਰਿਆ ਜਦੋਂ ਜਰਨੈਲ ਨਪੋਲੀਅਨ
ਦਾ ਢਾਹਾਂ ਮਾਰਦੇ ਤੇ ਅਵਾਜ਼ਾਰ ਹੋਏ ।
ਬੋਨਾਪਾਰਟ ਅੰਗਰੇਜ਼ਾਂ ਦੀ ਕੈਦ ਪੈ ਕੇ ,
ਬੁਰੀ ਹਾਲਤਾਂ ਵਿਚ ਮੁਰਦਾਰ ਹੋਏ ।
ਜਦੋਂ ਜਾਣਿਆ ਬੇਟਾ ਸੋਹਰਾਬ ਰਿਆ ,
ਰੁਸਤਮ ਜੇਹੇ ਜੋਧੇ ਜ਼ਾਰ ਜ਼ਾਰ ਰੋਏ ।
ਲਛਮਣਾ ਮੂਰਛਾ ਪਈ ਬੇਹੋਸ਼ ਹੋਇਆ ,
ਰਾਮ ਚੰਦ ਦੇ ਹੋਸ਼ ਫ਼ਰਾਰ ਹੋਏ ।
ਸੀਸ ਗੋਡਿਆਂ ਤੇ ਧੋਕੇ ਰੋਣ ਲੱਗਾ ,
ਹਨੂਮਾਨ ਜੇਹੇ ਮਦਦਗਾਰ ਹੋਏ ।
ਜਰਾ ਸਿੰਧ ਤੇ ਕ੍ਰਿਸ਼ਨ ਦੇ ਕਈ ਵਾਰੀ ,
ਆਪੋ - ਵਿਚੀ ਸਨ ਬੜੇ ਤਕਰਾਰ ਹੋਏ ।
ਕਾਲ ਜਮਨ ਤੋਂ ਭੱਜਿਆ ਕ੍ਰਿਸ਼ਨ ਜੋਧਾ ,
ਸੋਲਾਂ ਕਲਾਂ ਦੇ ਪੂਰੇ ਅਵਤਾਰ ਹੋਏ ।
ਰਾਜਧਾਨੀ ਦੁਆਰਕਾ ਜਾ ਕੀਤੀ ,
ਮਥਰਾ ਛੱਡ ਕੇ ਵ ਪਧਾਰ ਹੋਏ ।
ਮੁਆਫ਼ੀ ਮੰਗਣ ਤੇ ਨੌਕਰ ਹੋਣ ਖ਼ਾਤਿਰ ,
ਹਾਜ਼ਰ ਸੇਵਾ ਜੀ ਦਿੱਲੀ ਦਰਬਾਰ ਹੋਏ ।
ਡਿੱਗ - ਉੱਖੜੇ , ਥਿੜਕ , ਉਦਾਸ ਹੋਏ ,
ਮਰੇ ਹੋਏ ਜ਼ਖ਼ਮੀ ਸ਼ਰਮਸਾਰ ਹੋਏ ॥
ਸਾਬਤ ਕਦਮ ਨਾ ਸੂਰਮਾ ਰਿਹਾ ਕੋਈ ,
ਭਾਵੇਂ ਵੱਡੇ ਤੋਂ ਵੱਡੇ ਬਲਕਾਰ ਹੋਏ ॥
ਕਈ ਸ਼ਾਹਨਸ਼ਾਹ ਕੈਦੀਆਂ ਵਾਂਗ ਪਕੜੇ ,

ਹਾਜ਼ਰ ਸ਼ਾਹਾਂ ਦੇ ਆਣ ਦਰਬਾਰ ਹੋਏ ॥
ਕਿਸੇ ਇਕ ਦੀ ਨਹੀਂ ਮਿਸਾਲ ਮਿਲਦੀ ,
ਕਈ ਵੱਧ ਤੋਂ ਵੱਧ ਸਰਦਾਰ ਹੋਏ ॥
ਕੇਵਲ ਪੰਜ ਬਾਕੀ ਰਹੇ ਚਾਲੀਆਂ ਚੋਂ ,
ਬਾਕੀ ਪੰਜ ਵੀ ਬੈਠੇ ਬਰਯਾਰ ਹੋਏ ।
ਨਹੀਂ ਹੌਸਲਾ ਕਿਸੇ ਨੂੰ ਪਕੜਨੇ ਦਾ ,
ਨਹੀਂ ਤੋਪ ਬੰਦੂਕ ਤੋਂ ਮਾਰ ਹੋਏ ।
ਮੂੰਹ ਗੜੀ ਵਲ ਕਰੇ ਨਾ ਕੋਈ ਡਰਦਾ ,
ਸਤਿਗੁਰ , ਸਿੰਘ ਬੈਠੇ ਐਨ ਤਿਆਰ ਹੋਏ ।
ਗੋਲੀ ਸਿੱਕਾ ਬਾਰੂਦ ਵੀ ਕੋਲ ਹੈ ਨਾ ,
ਮੈਗਜ਼ੀਨ ਤੋਂ ਖ਼ਾਲੀ ਭੰਡਾਰ ਹੋਏ ।
ਇੱਕ ਇੰਚ ਇਰਾਦੇ ਤੋਂ ਨਹੀਂ ਟਲਦੇ ,
ਦਿੱਲੇ ਰੱਤੀ ਨਾ ਕਿਸੇ ਪ੍ਰਕਾਰ ਹੋਏ ।
ਮਾਸਾ ਫ਼ਰਕ ਨਾ ਪਿਆ ਵਿਸ਼ਵਾਸ ਅੰਦਰ ,
ਚਿੰਤਾ ਰਾਮ ਦੇ ਨਹੀਂ ਆਸਾਰ ਹੋਏ ।
ਸਾਹਿਬਜ਼ਾਦੇ ਸ਼ਹੀਦੀਆਂ ਪਾ ਚੁੱਕੇ ,
ਪੈਂਤੀ ਸਿੰਘ ਵੀ ਜਾਂ - ਨਿਸਾਰ ਹੋਏ ।
ਮਾਤਾ ਵਿੱਛੜੀ , ਮਹਿਲ ਵੀ ਗਏ ਕਿਧਰੇ ,
ਕੇਹੜੇ ਹਾਲ ਛੋਟੇ ਬਰਖ਼ੁਰਦਾਰ ਹੋਏ ।
ਖਰੜੇ ਪੁਸਤਕਾਂ ਦੇ ਹੜੇ ਵਿਚ ਬਰਬ ,
ਖੇਰ ਖੇਰ ਆਹ ! ਕੱਲ ਪਰਿਵਾਰ ਹੋਏ ।
ਪਿਆਰੇ ਸਿੰਘ ਸ਼ਹੀਦ ਹੋ ਗਏ ਪਿਆਰੇ ,
ਕਿਲੇ ਕੋਠੇ ਬਰਬਾਦ ਘਰਬਾਰ ਹੋਏ ।
ਮਾਲ ਜੇਵਰਾਂ ਤੇ ਭਾਂਡੇ ਬਸਤਰਾਂ ਦੇ ,
ਸੜ ਕੇ ਢੇਰਾਂ ਦੇ ਢੇਰ ਸਨ ਛਾਰ ਹੋਏ ।
ਐਸੂਰਜ ਹੋ ਗਿਆ ਕੁੱਲ ਤਬਾਹ ਸਾਰਾ ,
ਮਲੀਆ ਮੇਟ ਹਨ ਕੁੱਲ ਦਿਲਦਾਰ ਹੋਏ ।
ਪਏ ਦੁੱਖਾਂ ਦੇ ਆਨ ਪਹਾੜ ਸਿਰ ਤੇ ,
ਗਲੇ ਵਿਚ ਵੀ ਦੁਖਾਂ ਦੇ ਹਾਰ ਹੋਏ ।

ਵੈਰੀ ਹੋ ਰਹੇ ਧਰਤਿ ਅਸਮਾਨ ਦੋਵੇਂ ,
ਇੱਕ ਅੰਗ ਸਭ ਹੈਨ ਅਗਿਆਰ ਹੋਏ ॥
ਜੇਹੜੇ ਹਿੰਦੂਆਂ ਉੱਤੇ ਸਰਬੰਸ ਲਾਇਆ !
ਆਪਤ ਕਾਲ ਦੇ ਅਲਮ ਬਰਦਾਰ ਹੋਏ ।
ਜ਼ਿੰਮੇਵਾਰ ਤਬਾਹੀ ਦੇ ਐਨ ਮੋਢੀ ,
ਭੀਮਸੈਨ ਆਦਿਕ ਬਾਈਧਾਰ ਹੋਏ ॥
ਸਾਥੀ ਕੋਈ ਨਾ ਅੱਜ ਦਸ਼ਮੇਸ਼ ਦਾ ਹੈ ,
ਸਾਥੀ ਹੀਆਂ ਤੇ ਹੱਥ ਕਟਾਰ ਹੋਏ ।
ਬੈਠੇ ਹੈਨ ਅਹਿੱਲ ਚਟਾਨ ਉੱਤੇ ,
ਖੇਲਾਂ ਵਿਚ ਅਖੇਲ ਸਰਕਾਰ ਹੋਏ ।
ਸੂਰਜ ਨਾਲ ਨਾ ਕਿਸੇ ਦੀ ਅੱਖ ਮਿਲਦੀ ,
ਕੇਹੜਾ ਟੱਪ ਹਿਮਾਲੇ ਤੋਂ ਪਾਰ ਹੋਏ ।
ਸੂਬੇਦਾਰ ਕਿਸ ਬਾਗ਼ ਦੀ ਹੈਨ ਮੂਲੀ ,
ਸ਼ਾਹਨਸ਼ਾਹ ਏਥੇ ਪਾਣੀਹਾਰ ਹੋਏ ।
ਮਰਜ਼ੀ ਆਪਣੀ ਨਾਲ ਕਰਤਾਰ ਮੇਰੇ ,
ਜੋਤੀ ਜੋਤ ਰਲ ਜਾਣ ਨੂੰ ਤਿਆਰ ਹੋਏ ।
ਸਿੰਘਾਂ ਜੋੜ ਕੇ ਹੱਥ ਅਰਦਾਸ ਕੀਤੀ ,
ਕੰਮ ਪੰਥ ਦੇ ਕਈ ਵਿਚਕਾਰ ਹੋਏ ।
ਪੰਥ ਮਿਟੂ ਪਰ ਆਪ ਤੋਂ ਫੇਰ ਬਣ ਜੂ ,
ਤੁਸੀਂ ਖ਼ਾਲਸੇ ਦੇ ਸਿਰਜਣ ਹਾਰ ਹੋਏ ।
ਬਿਨਾਂ ਆਪ ਦੇ ਪੰਥ ਦਾ ਕੌਣ ਵਾਲੀ ?
ਪਏ ਪੰਥ ਪਰ ਦੁੱਖਾਂ ਦੇ ਭਾਰ ਹੋਏ ।
ਕਰੋ ਕੰਮ ਅਧੂਰੜੇ ਕੁੱਲ ਪੂਰੇ ,
ਅਸੀਂ ਫਾਥੜੇ ਮੰਝਲੀ ਧਾਰ ਹੋਏ ॥
ਕੌਣ ਰਾਹਬਰੀ ਕਰੂਗਾ ਪਾਤਸ਼ਾਹਾ !
ਤੁਸੀਂ ਪੰਥ ਦੇ ਰੌਸ਼ਨ ਮੁਨਾਰ ਹੋਏ ।
ਤੁਸੀਂ ਇਕ ਤੋਂ ਕਰੋ ਅਨੇਕ ਪੈਦਾ ,
ਭਰੇ ਅੰਮ੍ਰਿਤ ਦੇ ਤੇਰੇ ਭੰਡਾਰ ਹੋਏ ।
ਬੱਸ ' ਕੇਸਰੀ ਛੱਡ ਇਰਾਦਿਆਂ ਨੂੰ ,
ਜ਼ੋਰ ਸ਼ੋਰ ਦੇ ਨਾਲ ਤਕਰਾਰ ਹੋਏ ।

ਸਿੰਘਾਂ ਨੇ ਗੁਰਮਤਾ ਕੀਤਾ ਕਿ ਅੱਜ ਏਥੇ ਸ੍ਰੀ ਗੁਰੂ ਦਸਮੇਸ਼ ਜੀ ਦੇ ਸ਼ਹੀਦ ਹੋਣੇ ਦਾ ਯੋਗ ਸਮਾਂ ਨਹੀਂ ਹੈ

ਸਿੰਘਾਂ ਪਰਸਪਰ ਬੈਠ ਗੁਰਮਤਾ ਕੀਤਾ ,
ਸਤਿਗੁਰ ਗੜ੍ਹੀ ਨੂੰ ਛੱਡ ਹੁਣ ਜਾਨ ਪਿਆਰੇ ॥
ਪੰਜਾਂ ਵਿਚ ਪਰਮਾਤਮਾ ਵੱਸਦਾ ਹੈ

ਕੀਤਾ ਪੰਜ ਦਾ ਹੁਕਮ ਪ੍ਰਵਾਨ ਪਿਆਰੇ ॥
ਕੀਤੀ ਪੰਜਾਂ ਦੇ ਗਿਰਦ ਪਰਦੱਖਣਾ ਹੈ ,
ਹੱਥ ਜੋੜ ਕੇ ਸੀਸ ਝੁਕਾਨ ਪਿਆਰੇ ।
ਦਯਾ ਸਿੰਘ ਤੇ ਧਰਮ ਪ੍ਰੀਦ ਸੂਰਾ ,
ਉੱਤਮ ਭਾਗ ਜਿਸਦੇ , ਸਿੰਘ ਮਾਨ ਪਿਆਰੇ ।
ਸੰਤ ਸਿੰਘ ਅਰ ਪੰਜਵਾਂ , ਸਿੰਘ ਸੰਗਤ
ਪੰਜਾਂ ਸਿੰਘਾਂ ਦੇ ਨਾਮ ਏ ਜਾਨ ਪਿਆਰੇ ।
ਕਲਗੀ ਜਿਗਾ ਪਹਿਨਾਈ ਜਿਸ ਸੀਸ ਉੱਤੇ ,
ਸੰਤ ਸਿੰਘ ਜੀ ਸਿੰਘ ਮਹਾਨ ਪਿਆਰੇ ।
ਸਰਬ ਸੰਮਤੀ ਨਾਲ ਦਸਮੇਸ਼ ਜੀ ਨੇ ,
ਇਸ ਨੂੰ ਥਾਪਿਆ ਯੋਗ ਪਰਧਾਨ ਪਿਆਰੇ ।
ਕਈ ਲੇਖਕਾਂ ਨੇ ਸੰਗਤ ਸਿੰਘ ਲਿਖਿਆ ,
ਦੇਸ਼ ਬੰਗਸੀ ਦਾ ਭਾਗਵਾਨ ਪਿਆਰੇ ।
ਇਸ ਪਰ ਬਹਿਸ ਨਾ ਛੇੜਨੀ ਯੋਗ ਜਾਪੇ ,
ਦੋਵੇਂ ਗੁਰੂ ਦੇ ਸਿੰਘ ਸੁਜਾਨ ਪਿਆਰੇ ।
ਗੜੀ ਵਿਚ ਏਹ ਦੋਵੇਂ ਹਨ ਨਿਯਤ ਕੀਤੇ ,
ਸਿੰਘ ਸੂਰਮੇ ਮਹਾਂ ਬਲਵਾਨ ਪਿਆਰੇ ।
ਕਿਹਾ ਬੈਠਿਓ ! ਮੋਰਚੇ ਵਿਚ ਡੱਟ ਕੇ ,
ਫੜ ਕੇ ਹੱਥ ਵਿਚ ਤੀਰ ਕਮਾਨ ਪਿਆਰੇ ।
ਸੰਤ ਸਿੰਘ ਦੀ ਸ਼ਕਲ ਸੀ ਗੁਰੁ ਜੈਸੀ ,
ਹੋਵੇ ਕੁਝਕ ਦਸਮੇਸ਼ ਅਨੁਮਾਨ ਪਿਆਰੇ ॥
ਪੰਜਾਂ ਸਿੰਘਾਂ ਨੂੰ ਦਿੱਤੀ ਗੁਰਿਆਈ ਜਿਸਮੀ ,
ਗੁਰੂ ਪੰਥ ਹੈ ਗੁਰ ਫੁਰਮਾਨ ਪਿਆਰੇ ॥
ਇਸੇ ਵਾਸਤੇ ਗੜੀ ਦਾ ਨਾਮ ਦੂਜਾ ,
ਪ੍ਰਗਟ ਹੋ ਗਿਆ ਤਿਲਕ ਅਸਥਾਨ ਪਿਆਰੇ ।
ਗੁਰੂ ਪੰਥ ਇਸ ਜਗਾ ਅਸਥਾਪ ਹੋਇਆ ,
ਦਸਮ ਗੁਰੂ ਦਾ ਡੂੰਘਾ ਧਿਆਨ ਪਿਆਰੇ ।
ਆਤਮ ਗੁਰੂ ਫਿਰ ' ਗੁਰੂ ਗ੍ਰੰਥ ਸਾਹਿਬ'
ਆਊ , ਸਮਾਂ ਜਦ ਹੋਊ ਏਲਾਨ ਪਿਆਰੇ ।
ਗੁਰਤਾ ਪੰਥ ਨੂੰ ਦਿੱਤੀ ਹੈ ਬਖ਼ਸ਼ ਅੱਧੀ ,
ਅੱਧੀ ਕਰਨਗੇ ਫੇਰ ਪਰਦਾਨ ਪਿਆਰੇ ।
ਉਪਮਾ ਪੰਜ ਦੀ ' ਕੇਸਰੀ ' ਗੁਰੂ ਕੀਤੀ ,
ਸੁਣੋ ਪੰਜ ਦਾ ਹੋਰ ਹੁਣ ਬਿਆਨ ਪਿਆਰੇ ।

ਪੰਜਾਂ ਦੀ ਬਰਕਤ ਦਾ ਵਰਣਨ

ਪੰਜ ਸ਼ਬਦ ਵਿਚ ਖ਼ਬਰ ਨਹੀਂ ਕੀਹ ਜਾਦੂ ?
ਪੰਜਾਂ ਵਿਚ ਪਰਮਾਤਮਾ ਭਾਨ ਹੁੰਦਾ ।
ਪੰਜ , ਪੰਚ ਪ੍ਰਵਾਨ ਪ੍ਰਧਾਨ ਪੰਜੇ ,
ਦਰਗਾਹ ਵਿਚ ਵੀ ਪੰਜ ਦਾ ਮਾਨ ਹੁੰਦਾ ।
ਪੰਜ , ਸੋਹਦੇ ਰਾਜ ਦਰਬਾਰ ਅੰਦਰ ,
ਉੱਤਮ ਅਸਪ ਜੋ ਪੰਜ ਕਲਿਆਨ ਹੁੰਦਾ ।
ਪੰਜਾਂ , ਤੱਤਾਂ ਦੇ ਨਾਲ ਸਰੀਰ ਬਣਦਾ ,
ਪੰਜ ਭੂਤਕ ਏਹ ਤਦੇ ਬਿਆਨ ਹੁੰਦਾ ।
ਪੰਜ , ਕੋਸ਼ ਦਾ ਪਿਆ ਸਰੀਰ ਪੜਦਾ ,
ਆਤਮ ਰੱਖਿਆ ਲਈ ਤਾਨ ਹੁੰਦਾ ।
ਪੰਜ , ਪ੍ਰਾਣ ਹਨ , ਬਿਆਨ ਉਦਿਆਨ ਜਾਣੋ ,
ਤੇ ਸਮਾਨ , ਅਪਾਨ ਅਰ ਪਾਨ ਹੁੰਦਾ ।
ਪੰਜ ਭਰਮ ਹਨ ਭਰਮ ਵਿਚ ਪੌਣ ਵਾਲੇ ,
ਸਦਕੇ ਏਨ੍ਹਾਂ ਦੇ ਭਰਮ ਅਗਿਆਨ ਹੁੰਦਾ ।
ਪੰਜ ਸ਼ਬਦ ਪ੍ਰਸਿੱਧ ਸੰਸਾਰ ਉੱਤੇ ,
ਜਿਥੋਂ ਰਾਗ ਧੁਨ ਆਦਿ ਵਿਧਾਨ ਹੁੰਦਾ ।
ਪੰਜ , ਪਏ ਕਲੇਸ਼ ਹਨ ਆਤਮਾ ਨੂੰ ,
ਦੁਖੀ ਏਨ੍ਹਾਂ ਤੋਂ ਸਗਲ ਜਹਾਨ ਹੁੰਦਾ ।
ਪੰਜ ਪੀਰ ਤੇ ਪੰਜ ਹੀ ਹੈਨ ਪਾਂਡੋ ,
ਪੰਜ ਸ਼ਬਦ ਹਰ ਜਗਾ ਪਰਧਾਨ ਹੁੰਦਾ ।
ਪੰਜ , ਉਂਗਲਾਂ ਕੈਮ ਜੇ ਹੋਣ ਪੰਜੇ , ਪੰਜਾ ,
ਪੰਜਾਂ ਦਾ ਬੜਾ ਬਲਵਾਨ ਹੁੰਦਾ ਪੰਜਾ ,
ਵੱਟ ਕੇ ਮਾਰੀਏ ਮੂੰਹ ਉੱਤੇ ,
ਮੂਰਖ ਪੁਰਸ਼ ਦਾ ਦੂਰ ਗੁਮਾਨ ਹੁੰਦਾ ।
ਪੰਜਾ , ਰੋਕਦਾ ਰੁਦਿਆਂ ਪਰਬਤਾਂ ਨੂੰ ,
ਵਲੀ ਪੀਰਾਂ ਦਾ ਤੋੜਦਾ ਮਾਨ ਹੁੰਦਾ ।
ਪੰਜਾਂ , ਮਾਰੀਏ ਸੁਰਗ ਸਿਧਾਰੀਏ ਤਾਂ ,
ਪੰਜ ਹੋਣ ਤਾਂ ਨਰਕ ਅਸਥਾਨ ਹੁੰਦਾ ।
ਪੰਜਾਂ , ਨਾਲ ਕਮਾਲ ਦਾ ਪੰਥ ਬਣਿਆ ,
ਪੰਜ ਬਿਨਾਂ ਨਾ ਸੁਧਾ ਪਰਦਾਨ ਹੁੰਦਾ ।
ਪੰਜ , ਬਖ਼ਸ਼ਦੇ ਸਿੰਘ ਤਨਖ਼ਾਹੀਏ ਨੂੰ ,
ਹਰ ਇਕ ਫੈਸਲਾ ਪੰਚ

ਬਾਕੀ ਸਫਾ 25 ਤੇ



ਗਿ: ਦਿੱਤ ਸਿੰਘ ਰਚਨਾਵਲੀ

ਦੰਭ ਵਿਦਾਰਨ ਅਤੇ ਸਾਧੂ ਦਯਾਨੰਦ ਜੀ ਨਾਲ ਸੰਵਾਦ

ਸੰਪਾਦਕ
ਡਾ: ਇੰਦਰਜੀਤ ਸਿੰਘ ਗੋਗੋਆਣੀ
98159-85559

ਦੋਹਰਾ

ਇਸ ਪਰ ਭੀ ਇਕ ਹੋਰ ਮੈਂ ਪੁੱਛੀ ਬਾਤ ਬਨਾਇ ॥
ਜਿਸਦੇ ਸੁਨਨੇ ਤੇ ਮਿਟੇ ਮਨ ਦਾ ਸੰਸਾ ਚਾਇ ॥32॥
ਕੌਨ ਪਸ਼ੂ ਪੰਖੀ ਕਰੇ ਇਸ ਜਗ ਦਾ ਉਪਕਾਰ ॥
ਕੌਨ ਯੁੱਗ ਦੇ ਵਾਸਤੇ ਲੇਵਨ ਪ੍ਰੇਮੀ ਮਾਰ ? 33 ॥

ਭਾਵ - ਇਸ ਤੇ ਅੱਗੇ ਜਦ ਇਹ ਪੁੱਛਿਆ ਜਾਵੇ ਕੇ ਸੰਸਾਰ ਦੇ ਉਪਕਾਰ ਕਰਨੇ ਵਾਲੇ ਕੋਹੜੇ 2 ਪਸ਼ੂ ਅਤੇ ਪੰਖੀ ਹਨ ਤਦ ਏਹੋ ਵਧਕੇ ਨਿਕਲਨ ਗੇ ਜੈਸਾ ਕੇ ਗਾਇ ਬੈਲ ਘੋੜਾ ਉਠ ਬਕਰੀ ਭੇਡ ਹਾਥੀ ਅਤੇ ਭੈਸ ਜਿਨ੍ਹਾਂ ਤੇ ਦੁੱਧ ਅਤੇ ਅਸਵਾਰੀ ਦਾ ਕੰਮ ਲੀਤਾ ਜਾਂਦਾ ਹੈ, ਸੋ ਇਹ ਬਾਤ ਜ਼ਰੂਰੀ ਹੋਵੇਗੀ ਜੋ ਇਨਾਂ ਦੀ ਰੱਖਯਾ ਕੀਤੀ ਜਾਵੇ , ਇਸੇ ਤਰਾਂ ਪੰਖੀਆਂ ਵਿੱਚੋਂ ਅੱਜ ਕੱਲ ਘੁੱਗੀ ਅਤੇ ਤਿਲੀਅਰ ਸਰਕਾਰੀ ਹੁਕਮ ਨਾਲ ਭੀ ਉਪਕਾਰਕ ਜਾਨਕੇ ਮਾਰਨੇ ਬੰਦ ਕੀਤੇ ਗਏ ਹਨ, ਜਿਸਤੇ ਆਖਦੇ ਹਨ ਕੇ ਇਹ ਖੇਤੀ ਦੇ ਦੁਸ਼ਮਨ ਕੀੜਿਆਂ ਅਰ ਮਕੜੀ ਆਦਿਕ ਨੂੰ ਖਾ ਜਾਂਦੇ ਹਨ ॥

ਇਨ੍ਹਾਂ ਤੇ ਉਲਟ ਸੰਸਾਰ ਨੂੰ ਨੁਕਸਾਨ ਪਹੁਚਾਉਨ ਵਾਲੇ ਪਸ਼ੂ ਹਰਨ, ਸੂਰ, ਗਿਦੜ, ਰਿੱਛ, ਬਾਂਦ ਅਤੇ ਸ਼ੇਰ, ਬਘਯਾੜ ਆਦਿਕ ਹਨ, ਜਿਨਾਂ ਵਿਚੋਂ ਸਰ ਅਤੇ ਹਰਨ ਦਾ ਮਾਰਕੇ ਖਾਣਾ ਤਾਂ ਸਿੱਧ ਹੀ ਹੈ ਪ੍ਰੰਤੂ ਇਨ੍ਹਾਂ ਦਾ ਯੁੱਗ ਨਹੀਂ ਕਥਨ ਕੀਤਾ, ਇਸੇ ਤਰ੍ਹਾਂ ਸਹੇ ਭੀ ਕੁਝ ਉਪਕਾਰ ਨਹੀਂ ਕਰਦੇ ਜਿਸਤੇ ਉਨ੍ਹਾਂ ਦਾ ਖਾਣਾ ਭੀ ਲਾਭ ਦਾਈ ਹੈ, ਇਸੇ ਤਰ੍ਹਾਂ ਪੰਖੀਆਂ ਵਿਚੋਂ ਤਿੱਤ ਬਟੇਰੋ ਆਦਿਕ ਅਤੇ ਮੁਰਗਾ ਮੁਰਗਾ ਬੀ ਅਰ ਕੁੰਜ ਆਦਿਕਾਂ ਤੇ ਭੀ ਕੋਈ ਇਤਨਾਂ ਉਪਕਾਰ ਨਹੀਂ ਹੁੰਦਾ ਜਿਸਤੇ ਉਨ੍ਹਾਂ ਦਾ ਮਾਰਕੇ ਖਾਣਾ ਕੋਈ ਇਤਨਾਂ ਹਾਨੀ ਕਾਰਕ ਨਹੀਂ ਹੈ ਅਰ ਸਗੋਂ ਕੁਝ ਲਾਭ ਦਾਈ ਭਾਵੇਂ ਹੋਵੇਗਾ ॥

ਪ੍ਰੰਤੂ ਹੋਰ ਖਾਣ ਪੀਣ ਦਾ ਕੰਮ ਤਾਂ ਭਾਵੇਂ ਇਨ੍ਹਾਂ ਪਸ਼ੂਆਂ ਅਤੇ ਪਰਿੰਦਘਾਂ ਨਾਲ ਚੰਗਾ ਤੁਰ ਪਏਗਾ ਪ੍ਰੰਤੂ ਵੇਦ ਅਤੇ ਬ੍ਰਹਮਣ ਵਿਚ ਇਨ੍ਹਾਂ ਨਾਲ ਯੱਗ ਕਰਾਉਨਾਂ ਨਾ ਹੋਨ ਕਰਕੇ ਨਿਸਫਲ ਜਾਨਗੇ ਕਿਉਂਕਿ ਅੱਜ ਤਕ ਅਸ਼ ਮੇਧ ਗੋ ਮੇਧ ਅਤੇ ਅਜਮੇਧ ਆਦਿਕ ਯੁੱਗ ਹੀ ਪੁਰਾਣੇ ਸ਼ਾਸਤਾਂ ਵਿਚ ਪਾਏ ਜਾਂਦੇ ਹਨ, ਇਨਾਂ ਤੇ ਉਲਟ ਹਰਨ ਮੇਧ ਸੁਰ ਮੇਧ ਅਤੇ ਸੈਹਾ ਮੇਧ ਆਦਿਕਾਂ ਦਾ ਕਿਤੇ ਭੀ ਜ਼ਿਕਰ ਨਹੀਂ ਹੈ ਜਿਸ ਤੇ ਇਨਾਂ ਦੇ ਖਾਣੇ ਅਰ ਮਾਰਨੇ ਤੇ ਪੇਟ ਪੂਰਨਾਂ ਆਦਿਕ ਤਾਂ ਹੋ ਸਕਦਾ ਹੈ ਪਰ ਵੈਦਕ ਰੀਤੀ ਦਾ ਪਾਲਨ ਨਹੀਂ ਹੋ ਸਕਦਾ ॥

ਇਸੀ ਪ੍ਰਕਾਰ ਪੰਖੀਆਂ ਵਿਚੋਂ ਭੀ ਤਿੱਤ ਮੇਧ ਬਟੋਰੇ ਮੇਧ ਆਦਿਕ ਦਾ ਕਿਤੇ ਕਥਨ ਨਹੀਂ ਹੈ ਜਿਸਤੇ ਸਾਧੂ ਜੀ ਨੇ ਕੋਈ ਯਾਦਾ ਨਹੀਂ ਦੱਸੀ ਕੇ ਇਨ੍ਹਾਂ ਦੇ ਬਦਲੇ ਕਿਨਾਂ 2 ਮਾਰਨਾ ਵੇਦਕ ਧਰਮਾਨੁਕੂਲ ਅਤੇ ਉਪਕਾਰ ਦਾਇਕ ਹੈ ।

ਦੋਹਰਾ

ਜਿਸਤੇ ਦੁਬਿਧਾ ਵਿਚ ਸੀ ਇਹ ਸਾਧੂ ਦਾ ਖਯਾਲ ।
ਪ੍ਰਗਟ ਕਰ ਸ਼ੱਕਯਾ ਨਹੀਂ ਜੋ ਸੀ ਤੱਤ ਵਿਸਾਲ ॥34॥
ਵੇਦ ਵਿਧੀ ਜਦ ਵੇਖਦਾ ਤਦ ਮਾਰਨ ਬਲਾਇ ।
ਪਰ ਜਦ ਖਾਂਦਾ ਤਰਸ ਸੀ ਤਦ ਦੇਂਦਾ ਅਟਕਾਇ॥35॥
ਇਸੀ ਵਾਸਤੇ ਫੈਸਲਾ ਦਿੱਤਾ ਪੂਰਾ ਨਾਂਹਿ ॥

ਜਿਸਤੇ ਸੰਸਾ ਆਪ ਸੀ ਤਿਸ ਦੇ ਮਨਦੇ ਮਾਂਹਿ ॥36॥
ਇਸੇ ਵਾਸਤੇ ਸੱਜਨੋ ਲੇਵੋ ਤੁਸੀਂ ਵਿਚਾਰ ।
ਕਿਆ ਸਾਧੂ ਦਾ ਮੱਤ ਸੀ ਮੱਖਨ ਲਵੇ ਨਿਤਾਰ॥ 37॥

ਭਾਵ - ਸਾਧੂ ਜੀ ਦੇ ਇਸ ਸਾਰੇ ਕਥੰਨ ਤੇ ਇਹ ਪ੍ਰਤੀਤ ਹੋ ਜਾਂਦਾ ਹੈ ਕੇ ਉਨ੍ਹਾਂ ਦਾ ਅਪਨਾਂ ਨਿਸਚਾ ਅਜੇ ਤੱਕ ਭੀ ਪੂਰਾ 2 ਕਿਸੇ ਬਾਤ ਪਰ ਨਹੀਂ ਸੀ ਅਰ ਉਹ ਨਹੀਂ ਜਾਨਦੇ ਸਨ ਕੇ ਅਸੀਂ ਕਿਸ ਪ੍ਰਕਾਰ ਇਸ ਯੁੱਗ ਵਿਧੀ ਦਾ ਨਿਰਬਾਹ ਕਰਾਂਗੇ, ਪ੍ਰੰਤੂ ਜਦ ਉਹ ਇਹ ਖਯਾਲ ਕਰਦੇ ਨੇ ਕੇ ਵੇਦ ਅਤੇ ਬ੍ਰਾਹਮਣ ਵਿਚ ਅਸੁਮੇਧ ਅਤੇ ਗੋਮੇਧ ਆਦਿਕ ਦਾ ਕਰਨਾਂ ਲਿਖਾਯਾ ਹੈ ਤਾਂ ਦੇ ਤਾਂ ਇਹ ਸਾਬਤ ਕਰਦੇ ਸਨ ਕੇ ਗਊ ਆਦਿਕ ਦਾ ਮਾਰਨਾਂ ਕੋਈ ਪਾਪ ਨਹੀਂ ਹੈ, ਕਿੰਤੂ ਜਦ ਉਹ ਇਹ ਖਯਾਲ ਕਰਦੇ ਸਨ ਕੇ ਇਸ ਘਰ ਦੇ ਭੂਖਨ ਅਰ ਦੌਲਤ ਅਤੇ ਉੱਤਮ ਗੁਣਾਂ ਵਾਲੇ ਪਸ਼ੂ ਨੂੰ ਮਾਰਨਾ ਇਕ ਵੱਡੀ ਭਾਰੀ ਹਾਨੀ ਹੈ, ਉਹ ਇਹ ਲਿਖਦੇ ਸਨ ਕੇ ਇਸ ਨੂੰ ਮਾਰਨਾਂ ਨਹੀਂ ਚਾਹੀਦਾ ਕਿੰਤੂ ਇਹ ਵੱਡਾ ਲਾਭ ਦਾਇਕ ਪਸ਼ ਹੈ, ਜਿਸ ਤੇ ਡਰਦੇ ਡਰਦੇ ਵੇਦ ਮੁਯਾਦਾ ਨੂੰ ਭੀ ਕਾਇਮ ਰੱਖਣਾਂ ਚਾਹੁੰਦੇ ਸਨ ਅਤੇ ਸਾਥ ਹੀ ਅਪਨੇ ਦਿਆਂ ਵਾਲੇ ਸਭਾਵ ਤੇ ਭੀ ਗਊ ਪਾਲਨੇ ਪਰ ਧਯਾਨ ਆਉਂਦਾ ਸੀ, ਸੋ ਇਹ ਪ੍ਰਸੰਗ ਉਨ੍ਹਾਂ ਦੀ ਘਬਰਾਹਟ ਪ੍ਰਗਟ ਕਰਦਾ ਹੈ ॥

ਦੋਹਰਾ

ਅਸ਼ ਮੇਧ ਗੋ ਮੇਧ ਦਾ ਜੋ ਕੁਛ ਸਾਰਾ ਭੇਤ
ਸੋ ਮੈਂ ਦੱਸਯਾ ਤੁਧ ਨੂੰ ਗੋਪ ਮਤਾ ਸੀ ਜੇਤ॥38॥
ਜਿਸਤੇ ਨਿਸਚਾ ਸਾਧ ਦਾ ਪ੍ਰਗਟ ਹੁੰਦਾ ਜਾਇ।
ਕਰਨੇ ਯੁੱਗ ਬਤਾਉਂਦਾ ਮੱਤ ਨੂੰ ਸਮਝਾਇ ॥39॥
ਪਰ ਉਸਨੂੰ ਇਹ ਖਬਰ ਕੁਛ ਨਹੀਂ ਪਯਾਰੇ ਲਾਲ
ਸਮਾਂ ਪਲਟਨੇ ਤੋ ਭਈ ਕੌਨ ਦੇਸ਼ ਦੀ ਚਾਲ ॥40॥
ਪੁਰਾਣੇ ਰਿਖੀਆਂ ਦੇ ਸਮਯ ਸੀ ਐਸਾ ਹੀ ਢੰਗ।
ਪਸ਼ੂ ਯੁੱਗ ਵਿਚ ਮਾਰਦੇ ਹੋ ਕੇ ਬਹੁਤ ਨਸੰਗ ॥41॥
ਪੜ ਪੜ ਮੰਤ੍ਰ ਵੇਦ ਦੇ ਵਿੱਚ ਅਗਨ ਦੇ ਸੁੱਟ ।
ਮਗਰੋਂ ਉਸਦੇ ਖਾਨ ਦਾ ਸ਼ਾਦ ਸੌਂਵਦੇ ਲੁੱਟ ॥42॥
ਪਰ ਇਸ ਸਮਯ ਨ ਰਿਹਾ ਹੈ ਉਨ ਰਿਖੀਆਂ ਦਾ ਮੱਤ।
ਜਿਸ ਤੇ ਕਰਨੀ ਰੀਤ ਉਹ ਧਰਨੀ ਸੀਸ ਬਿਪੱਤ॥43॥

ਭਾਵ-ਜਦ ਵਿਚਾਰ ਕੀਤਾ ਜਾਏ ਤਦ ਪੁਰਾਣੇ ਰਿਖੀਆਂ ਦੇ ਸਮਯਾਂ ਵਿਚ ਇਹ ਯਾਦਾ ਕਾਇਮ ਹੁੰਦੀ ਸੀ, ਪ੍ਰੰਤੂ ਅੱਜ ਕੱਲ ਕਈ ਹਜ਼ਾਰ ਸਾਲ ਦੇ ਗੁਜ਼ਰ ਜਾਨੇ ਦੇ ਕਾਰਨ ਨਾ ਉਹ ਰਿਖੀ ਹਨ ਅਤੇ ਨਾ ਉਹ ਯਾਦਾ ਹਨ ਕਿੰਤੂ ਨਮੇ ਹੀ ਆਚਾਰੋ ਬਿਹਾਰ ਦੇ ਹੋਨੇ । ਤੋ ਨਮਾ ਹੀ ਪ੍ਰਚਾਰ ਹੋ ਗਿਆ ਹੈ , ਇਸ ਵਾਸਤੇ ਸਾਧ ਜੀ ਦਾ ਕਥਨ ਅੱਜ ਕੱਲ ਮਹਾਂ ਨਿੰਦਨੀਯ ਹੈ , ਅਰ ਜੋ ਕਦੇ ਸਾਧ ਇਸ ਸਮਯ ਦੀ ਪ੍ਰਚਲਤ ਯਾਦਾ ਵੱਲ ਖਯਾਲ ਕਰਦੇ ਤਦ ਕਦੇ ਭੀ ਇਹ ਨਾ ਲਿਖਦੇ , ਕਿੰਤੂ ਉਨਾਂ ਨੇ ਦੀਰਘ ਦ੍ਰਿਸ਼ਟੀ ਨਾ ਕੀਤੀ ॥

ਇਤੀ ਭਖਯ ਅਭਖਯ

********** ਚਲਦਾ

ਸ਼ਰਧਾਂਜਲੀ

ਅਦਾਰਾ ਭਾਈ ਦਿੱਤ ਸਿੰਘ ਪੱਤ੍ਰਿਕਾ ਵਲੋਂ ਮਹਾਨ ਸਾਹਿਤਕਾਰ ਸ. ਜਸਵੰਤ ਸਿੰਘ ਕੰਵਲ ਅਤੇ ਡਾ. ਦਲੀਪ ਕੌਰ ਟਿਵਾਣਾ ਨੂੰ ਉਨ੍ਹਾਂ ਦੀਆਂ ਵਡਮੁੱਲੀਆਂ ਸੇਵਾਵਾਂ ਬਦਲੇ ਸ਼ਰਧਾਂਜਲੀ ਭੇਟ ਕਰਦਾ ਹੈ। ਪਰਮਾਤਮਾ ਇਨ੍ਹਾਂ ਦੋਨਾਂ ਮਹਾਨ ਸਾਹਿਤਕਾਰਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਵੇ।

****

ਸਿਮਰੌ ਸ੍ਰੀ ਹਰਿਰਾਇ



-ਰਣਜੀਤ ਸਿੰਘ ਹੈਡਮਾਸਟਰ (ਸੇਵਾ ਮੁਕਤ)

ਗੁਰੂ ਹਰਿਰਾਇ ਸਾਹਿਬ ਜੀ ਦੇ ਸਮੁੱਚੇ ਜੀਵਨ ਨੂੰ ਜੇ ਦੋ ਸ਼ਬਦਾਂ ਵਿੱਚ ਬਿਆਨ ਕਰਨਾ ਹੋਵੇ ਤਾਂ ਉਹਨਾਂ ਨੂੰ ਨਿਰਭਉ ਨਿਰਵੈਰ ਹੀ ਕਿਹਾ ਜਾ ਸਕਦਾ ਹੈ। ਸਾਰੀ ਉਮਰ ਉਹਨਾਂ ਨੇ ਕਿਸੇ ਦਾ ਡਰ ਨਹੀਂ ਮੰਨਿਆ ਕਿਸੇ ਨਾਲ ਵੈਰ ਨਹੀਂ ਕਮਾਇਆ। ਕਸੇ ਪ੍ਰਤੀ ਮਾੜਾ ਸ਼ਬਦ ਨਹੀਂ ਬੋਲਿਆ। ਵੱਡੇ ਭਰਾ ਧੀਰਮਲ ਨੇ ਡਰਾਵੇ ਵੀ ਦਿੱਤੇ। ਉਸ ਨੇ ਸਮੇਂ ਦੀ ਸਰਕਾਰ ਦਾ ਹੱਥ ਵੀ ਫੜਿਆ ਪਰ ਆਪ ਸ਼ਾਂਤ ਚਿੱਤ ਹੋ ਕੇ ਵਿਚਰਦੇ ਰਹੇ।

ਅਜਿਹੇ ਗੁਣਾਂ ਨਾਲ ਭਰਪੂਰ ਗੁਰੂ ਹਰਿਰਾਇ ਸਾਹਿਬ ਜੀ ਦਾ ਪ੍ਰਕਾਸ਼ ਕੀਰਤਪੁਰ ਵਿਖੇ 16 ਜਨਵਰੀ ਸੰਨ 1630 ਨੂੰ ਪਿਤਾ ਗੁਰਦਿਤਾ ਜੀ ਅਤੇ ਮਾਤਾ ਰਾਜ ਕੌਰ ਜੀ ਦੇ ਗ੍ਰਹਿ ਵਿਖੇ ਹੋਇਆ। ਕੀਰਤਪੁਰ ਨਗਰ ਵੀ ਬਾਬਾ ਗੁਰਦਿਤਾ ਜੀ ਨੇ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਹੁਕਮ ਨਾਲ ਵਸਾਇਆ ਸੀ। ਇਸੇ ਅਸਥਾਨ ਤੇ ਹੀ ਗੁਰੂ ਨਾਨਕ ਦੇਵ ਜੀ ਸਾਂਈ ਬੁੱਢਣ ਸ਼ਾਹ ਨੂੰ ਮਿਲੇ ਸਨ। ਜਨਮ ਸਮੇਂ ਆਪ ਦੇ ਦਾਦਾ ਗੁਰੂ ਹਰਿ ਗੋਬਿੰਦ ਜੀ ਅੰਮ੍ਰਿਤਸਰ ਵਿਖੇ ਸਨ। ਆਪ ਨੇ ਉਸ ਸਮੇਂ ਬਚਨ ਕੀਤਾ ਵੱਡੀ ਚੀਜ ਦਾ ਗਾਹਕ ਆਇਆ ਹੈ। ਖਬਰ ਮਿਲਦਿਆਂ ਹੀ ਗੁਰੂ ਹਰਿ ਗੋਬਿੰਦ ਸਾਹਿਬ ਕੀਰਤਪੁਰ ਵੱਲ ਚੱਲ ਪਏ। ਬਾਲਕ ਨੂੰ ਗੋਦ ਵਿੱਚ ਲੈ ਕੇ ਅਸੀਸਾਂ ਦਿੱਤੀਆਂ ਤੇ ਨਾਮ ਹਰਿਰਾਇ ਰੱਖਿਆ ਅਤੇ ਫੁਰਮਾਇਆ ਕਿ ਇਹ ਧਰਤੀ ਦਾ ਭਾਰ ਹੌਲਾ ਕਰਨ ਲਈ ਹੀ ਸੰਸਾਰ ਤੇ ਆਏ ਹਨ। ਦੋ ਮਹੀਨੇ ਗੁਰੂ ਹਰਿ ਗੋਬਿੰਦ ਜੀ ਕੀਰਤਪੁਰ ਹੀ ਰਹੇ।

ਗੁਰੂ ਹਰਿ ਗੋਬਿੰਦ ਜੀ ਨੇ ਸਿੱਖ ਮੱਤ ਦੇ ਪ੍ਰਚਾਰ ਲਈ ਚਾਰ ਕੇਂਦਰ ਬਣਾਏ ਸਨ। ਇਹ ਚਾਰੇ ਕੇਂਦਰ ਬਾਬਾ ਗੁਰਦਿਤਾ ਜੀ ਦੀ ਰਹਿਨੁਮਾਈ ਹੇਠਾਂ ਪ੍ਰਚਾਰ ਕਰਦੇ ਸਨ। ਇਹਨਾਂ ਨੇ ਪਹਾੜੀ ਅਤੇ ਦੂਰ ਦੁਰਾਡੇ ਇਲਾਕਿਆਂ ਵਿੱਚ ਸਿੱਖ ਮੱਤ ਦਾ ਪ੍ਰਚਾਰ ਕੀਤਾ। ਇਸ ਪ੍ਰਚਾਰ ਸਦਕਾ ਲੋਕਾਂ ਵਿੱਚ ਐਸੀ ਜੁਰਅਤ ਪੈਦਾ ਹੋਈ ਕਿ ਸਭ ਨੇ ਦਿੱਲੀ ਵੱਲ ਵੇਖਣਾ ਹੀ ਛੱਡ ਦਿੱਤਾ। ਇੱਥੋਂ ਤੱਕ ਕਿ ਰਾਜੇ ਵੀ ਗੁਰੂ ਜੀ ਪਾਸ ਹੀ ਆਪਣੇ ਸਫੀਰ ਤੇ ਦੂਤ ਭੇਜਦੇ ਸਨ। ਬਾਬਾ ਗੁਰਦਿਤਾ ਜੀ ਨੇ ਪ੍ਰਚਾਰ ਦੇ ਕਾਰਜਾਂ ਨੂੰ ਇਤਨਾਂ ਸੰਗਠਤ ਕਰ ਦਿੱਤਾ ਸੀ ਕਿ ਪ੍ਰਚਾਰਕ ਵੀ ਜੁਰਅਤ ਦੀ ਮੂਰਤ ਤੇ ਸ਼ਰਧਾ ਵਿੱਚ ਭਿੱਜੇ ਹੋਏ ਸਨ। ਗੁਰੂ ਹਰਿ ਗੋਬਿੰਦ ਸਾਹਿਬ ਹਰਿ ਰਾਇ ਜੀ ਨੂੰ ਹਰ ਵਕਤ ਆਪਦੇ ਨਾਲ ਰੱਖਦੇ ਤੇ ਆਪ ਹੀ ਉਹਨਾਂ ਨੂੰ ਪੜ੍ਹਾਈ ਲਿਖਾਈ, ਸ਼ਸਤਰ ਵਿੱਦਿਆ, ਘੋੜ ਸਵਾਰੀ ਆਦਿ ਦੀ ਸਿਖਲਾਈ ਦਿੰਦੇ। ਜਦੋਂ ਕੀਰਤਨ ਹੁੰਦਾ, ਵਾਰਾਂ ਗਾਈਆਂ ਜਾਂਦੀਆਂ ਜਾਂ ਕਥਾ ਵਿਚਾਰਾਂ ਹੁੰਦੀਆਂ ਤਾਂ ਉਹਨਾਂ ਨੂੰ ਕੋਲ ਹੀ ਬਿਠਾਉਂਦੇ। ਹਰਿ ਰਾਇ ਜੀ ਹਰ ਵਕਤ ਸੇਵਾ ਲਈ ਤੱਤਪਰ ਰਹਿੰਦੇ। ਗੁਰੂ ਹਰਿ ਗੋਬਿੰਦ ਸਾਹਿਬ ਜੀ ਦੀ ਨਿਮਰਤਾ, ਦਲੇਰੀ, ਸਿੱਖਾਂ ਨਾਲ ਪਿਆਰ ਤੇ ਸੰਜਮ ਦੀ ਛਾਪ ਹਰ ਸਮੇਂ (ਗੁਰੂ) ਹਰਿਰਾਇ ਜੀ ਤੇ ਪੈ ਰਹੀ ਸੀ।ਆਪ ਗੁਰੂ ਜੀ ਦੇ ਹਰ ਬਚਨ ਉਤੇ ਪਹਿਰਾ ਦਿੰਦੇ। ਇੱਕ ਸਮੇਂ ਆਪ ਗੁਰੂ ਜੀ ਨਾਲ ਬਾਗਾਂ ਦੀ ਸੈਰ ਨੂੰ ਜਾ ਰਹੇ ਸਨ ਇੱਕ ਖਿੜਿਆ ਹੋਇਆ ਖੂਬਸੂਰਤ ਫੁੱਲ ਆਪ ਜੀ ਦੇ ਦਾਮਨ ਨਾਲ ਅੜ ਕੇ ਡਿੱਗ ਪਿਆ।ਦਾਦਾ ਗੁਰੂ ਹਰਿ ਗੋਬਿੰਦ ਜੀ ਨੇ ਸਮਝਾਇਆ ਦਾਮਨ ਸੰਕੋਚ ਕੇ ਚੱਲੋ ।

ਜੇ ਜਾਮਾ ਵੱਡਾ ਪਹਿਨਿਆ ਹੋਵੇ ਤਾਂ ਸੰਭਲ ਕੇ ਚੱਲੋ। ਭਾਵ ਇਹ ਵੀ ਸੀ ਕਿ ਜੋ ਕੁੱਝ ਪ੍ਰਾਪਤ ਹੋ ਜਾਵੇ ਤਾਂ ਉਸਨੂੰ ਜਰਨਾ ਸਿੱਖੋ। ਇਹ ਬਚਨ ਆਪ ਨੇ ਸਾਰੀ ਉਮਰ ਪੱਲੇ ਬੰਨ ਲਿਆ ਅਤੇ ਸੰਜਮੀ ਜੀਵਨ ਧਾਰੀ ਰੱਖਿਆ।

ਗੁਰੂ ਹਰਿ ਗੋਬਿੰਦ ਜੀ ਨੇ ਆਪਣਾ ਅੰਤਮ ਸਮਾਂ ਨੇੜੇ ਆਉਣ ਤੇ ਸੰਗਤਾਂ ਦੇ ਦੀਵਾਨ ਵਿੱਚ ਹੀ ਜੋਤੀ ਜੋਤ ਸਮਾਉਣ ਦੀ ਗੱਲ ਕਹੀ ਤੇ ਨਾਲ ਹੀ ਹੁਕਮ ਕੀਤਾ - ਧਰਹੁ ਅਨੰਦ, ਨ ਕੀਜਹਿ ਸ਼ੋਕ। ਗੁਰਿਆਈ ਦੀ ਜ਼ੁੰਮੇਵਾਰੀ ਆਪਣੇ ਛੋਟੇ ਪੋਤਰੇ ਗੁਰੂ ਹਰਿਰਾਇ ਜੀ ਨੂੰ ਦਿੱਤੀ। ਉਸ ਵਕਤ ਆਪ ਦੀ ਉਮਰ 14 ਵਰ੍ਹੇ ਸੀ ਅਤੇ ਮਾਰਚ 1644 ਦੀ ਤਿੰਨ ਤਰੀਕ ਸੀ।

ਗੁਰਗੱਦੀ ਤੇ ਬਿਰਾਜਮਾਨ ਹੋਣ ਉਪਰੰਤ ਆਪ ਨੇ ਸੰਗਤਾਂ ਨੂੰ ਉਪਦੇਸ਼ ਦਿੱਤਾ ਕਿ ਯਕੀਨ ਦੇ ਘਰ ਰਹੋ। ਸਤਿਨਾਮ ਜੱਪੋ। ਕਾਮ ਕ੍ਰੋਧ ਲੋਭ ਨੂੰ ਨੇੜੇ ਨਾ ਆਉਣ ਦਿਉ। ਸ਼ੁਭ ਕਰਮ ਕਰੋ ਤੇ ਮਾੜੇ ਕਰਮਾਂ ਨੂੰ ਨੇੜੇ ਨਾ ਆਉਣ ਦਿਉ। ਸੱਚੀ ਤੇ ਸੁੱਚੀ ਕਿਰਤ ਕਰੋ ਨਿੱਕੀ ਨਿੱਕੀ ਗੱਲ ਤੇ ਝਗੜੇ ਨਾ ਕਰੋ। ਮਾਂ ਬਾਪ ਦੀ ਸੇਵਾ ਵੀ ਭਗਤੀ ਦਾ ਰੂਪ ਹੈ। ਘਰ ਵਿੱਚ ਹੀ ਪ੍ਰਭੂ ਨੂੰ ਪਾਇਆ ਜਾ ਸਕਦਾ ਹੈ। ਮਨੁੱਖਾ ਦੇਹੀ ਦੁਰਲਭ ਹੈ। ਵਿਸ਼ੇ ਵਿਕਾਰਾਂ ਵਿੱਚ ਪੈ ਕੇ ਜੀਵਨ ਦੀ ਬਾਜੀ ਨਾ ਹਾਰੋ। ਨਾਮ ਜੱਪਣਾ ਤੇ ਗਿਆਨ ਪ੍ਰਾਪਤ ਕਰਨਾ ਧਰਮ ਦੇ ਮੁੱਖ ਅੰਗ ਹਨ। ਕ੍ਰਿਤ ਵਿੱਚੋ ਦਸਵੰਧ ਜਰੂਰ ਕੱਢੋ। ਇਸ ਤਰ੍ਹਾਂ ਜੀਵਨ ਸੁਖੀ ਬਤੀਤ ਹੋਵੇਗਾ ਤੇ ਸਫਲ ਹੋਵੇਗਾ।

ਗੁਰੂ ਹਰਿਰਾਇ ਸਾਹਿਬ ਦਾ ਨਿਤ ਕਰਮ ਹੀ ਸਾਰਿਆਂ ਲਈ ਪ੍ਰੇਰਣਾ ਸਰੋਤ ਸੀ। ਆਪ ਪਹਿਰ ਰਹਿੰਦੀ ਰਾਤ ਉਠਦੇ ਇਸ਼ਨਾਨ ਕਰਦੇ ਤੇ ਫਿਰ ਨਿਤਨੇਮ ਤੇ ਸਿਮਰਨ ਵਿੱਚ ਮਨ ਜੋੜਦੇ। ਫਿਰ ਸੰਗਤ ਵਿੱਚ ਆ ਕੇ ਰਬਾਬੀਆਂ ਪਾਸੋਂ ਕੀਰਤਨ ਸਰਵਣ ਕਰਦੇ, ਅਰਦਾਸ ਹੁੰਦੀ ਤੇ ਫਿਰ ਲੰਗਰ ਵਿੱਚ ਪੁੱਜਦੇ। ਪਹਿਲਾਂ ਸਾਰੀ ਸੰਗਤ ਨੂੰ ਪ੍ਰਸ਼ਾਦਾ ਛਕਾਉਂਦੇ ਤੇ ਫਿਰ ਆਪ ਛਕਦੇ। ਕੁੱਝ ਸਮਾਂ ਅਰਾਮ ਕਰਦੇ ਤੇ ਫਿਰ ਸ਼ਿਕਾਰ ਲਈ ਜਾਂਦੇ। ਸ਼ਿਕਾਰ ਜਿਉਂਦਾ ਹੀ ਫੜ ਕੇ ਲਿਆਉਂਦੇ ਜੇ ਕੋਈ ਜਖਮੀ ਵੀ ਹੋ ਜਾਂਦਾ ਤਾਂ ਉਸਦਾ ਇਲਾਜ ਵੀ ਕਰਦੇ। ਫਿਰ ਸ਼ਾਮ ਨੂੰ ਕਥਾ ਵਿਚਾਰਾਂ ਹੁੰਦੀਆਂ। ਵੱਡੇ ਵੱਡੇ ਵਿਦਵਾਨ ਵੀ ਆਪ ਦੇ ਦਰਬਾਰ ਵਿੱਚ ਆਉਂਦੇ। ਗਿਆਨ ਅੰਮ੍ਰਿਤ ਦੀ ਵਰਖਾ ਹੁੰਦੀ। ਫਿਰ ਬਾਗਾਂ ਵਿੱਚ ਸੈਰ ਕਰਨ ਜਾਂਦੇ। ਬੱਚਿਆਂ ਨੂੰ ਇਕੱਠਿਆਂ ਕਰਕੇ ਉਪਦੇਸ਼ ਦਿੰਦੇ। ਰੱਖ ਵਿੱਚ ਜਾ ਕੇ ਪੰਛੀਆਂ ਨੂੰ ਚੋਗਾ ਆਦਿ ਪਾਉਂਦੇ ਤੇ ਸਾਂਭ ਸੰਭਾਲ ਕਰਦੇ। ਉਪਰੰਤ ਸ਼ਫ਼ਾਖਾਨੇ ਵਿੱਚ ਜਾਂਦੇ ਤੇ ਰੋਗੀਆਂ ਨੂੰ ਦਵਾ ਦਾਰੂ ਦਿੰਦੇ।

ਗੁਰੂ ਹਰਿਰਾਇ ਸਾਹਿਬ ਦੇ ਦਵਾਖਾਨੇ ਵਿੱਚ ਬਹੁਤ ਕੀਮਤੀ ਤੇ ਦੁਰਲਭ ਦਵਾਈਆਂ ਮੌਜੂਦ ਸਨ। ਜਦੋਂ ਸ਼ਾਹਜਹਾਨ ਦੇ ਪੁੱਤਰ ਦਾਰਾ ਸ਼ਿਕੋਹ ਨੂੰ ਕਿਸੇ ਨੇ ਖਾਣੇ ਵਿੱਚ ਸ਼ੇਰ ਦੀ ਮੁੱਛ ਦਾ ਵਾਲ ਖੁਆ ਦਿੱਤਾ ਤਾਂ ਉਹ ਬਹੁਤ ਤੜਫਨ ਲੱਗਾ। ਜੋ ਕੀਮਤੀ ਦਵਾਈਆਂ ਸ਼ਾਹੀ ਹਕੀਮਾਂ ਨੇ ਲਿਖ ਕੇ ਦਿੱਤੀਆਂ ਉਹ ਕਿਤੋਂ ਨਾ ਮਿਲੀਆਂ। ਸ਼ਾਹ ਜਹਾਨ ਨੇ ਆਪਣੇ ਏਲਚੀ ਗੁਰੂ ਹਰਿਰਾਇ ਸਾਹਿਬ ਕੋਲ ਭੇਜੇ। ਗੁਰੂ ਸਾਹਿਬ ਨੇ ਉਹ ਸਾਰੀਆਂ ਦਵਾਈਆਂ ਜੋ ਸ਼ਾਹੀ ਹਕੀਮਾਂ ਨੇ ਲਿਖ ਕੇ ਦਿੱਤੀਆਂ, ਭੇਜ ਦਿੱਤੀਆਂ। ਦਾਰਾ ਸ਼ਿਕੋਹ ਨੇ ਉਹ ਦਵਾਈਆਂ ਲਈਆਂ ਤੇ ਨੌ ਬਰ ਨੌ ਹੋ ਗਿਆ। ਉਸ ਦੇ ਮਨ ਵਿੱਚ ਗੁਰੂ ਸਾਹਿਬ ਲਈ ਸਤਿਕਾਰ ਪਹਿਲਾਂ ਨਾਲੋਂ ਵੀ ਵੱਧ ਗਿਆ।

ਸੰਨ 1646 ਵਿੱਚ ਪੰਜਾਬ ਦੇ ਵਿੱਚ ਅਜਿਹਾ ਕਾਲ ਪਿਆ ਕਿ ਲੋਕ ਇੱਕ ਇੱਕ ਬੁਰਕੀ ਤੋਂ ਆਤਰ ਹੋਣ ਲੱਗੇ। ਗੁਰੂ ਹਰਿ ਰਾਇ ਸਾਹਿਬ ਨੇ ਸੰਗਤਾਂ ਨੂੰ ਹੁਕਮ ਭੇਜੇ ਕਿ ਘਰ ਘਰ ਲੰਗਰ ਲਗਾ ਦਿਉ। ਜਿੱਥੇ ਵੀ ਧਰਮਸ਼ਾਲਾ ਕਾਇਮ ਸੀ ਲੰਗਰ ਲਗਾਉਣ ਦਾ ਹੁਕਮ ਦੇ ਦਿੱਤਾ। ਲੰਗਰ ਸਬੰਧੀ ਆਪ ਦਾ ਉਚੇਚਾ ਹੁਕਮ ਸੀ ਕੇਵਲ ਸਮੇਂ ਸਿਰ ਜਾਂ ਦੋ ਵਕਤ ਹੀ ਪ੍ਰਸ਼ਾਦਾ ਨਹੀਂ ਦੇਣਾ ਸਗੋਂ ਜਦੋਂ ਵੀ ਕੋਈ ਆ ਜਾਵੇ ਉਸ ਨੂੰ ਪਿਆਰ ਨਾਲ ਪ੍ਰਸ਼ਾਦਾ ਛਕਾਇਆ ਜਾਵੇ। ਆਪ ਜੀ ਨੇ ਲੰਗਰ ਵਰਤਾਉਣ ਤੋਂ ਪਹਿਲਾਂ ਨਗਾਰਾ ਵਜਾਉਣ ਦੀ ਮਰਯਾਦਾ ਵੀ ਚਲਾਈ ਤਾਂ ਜੋ ਦੂਰ ਬੈਠੇ ਲੋਕ

ਵੀ ਨਗਾਰਾ ਸੁਣ ਕੇ ਲੰਗਰ ਛਕਣ ਆ ਸਕਣ। ਆਪ ਜੀ ਨੇ ਇਹ ਵੀ ਹੁਕਮ ਕੀਤਾ ਕਿ ਹਰ ਸਿੱਖ ਆਪਣੇ ਵਿੱਤ ਅਨੁਸਾਰ ਲੰਗਰ ਵਿੱਚ ਅੰਨ ਧਨ ਜਾਂ ਕੋਈ ਵੀ ਰਸਦ ਜਰੂਰ ਪਾਵੇ। ਆਪ ਨੇ ਇਹ ਵੀ ਹੁਕਮ ਦੇ ਰੱਖਿਆ ਕਿ ਜੇਕਰ ਕੋਈ ਮੰਸਦ ਦਸਵੰਧ ਦੀ ਰਕਮ ਲੰਗਰ ਤੇ ਜਾਂ ਲੋੜਵੰਦਾਂ ਤੇ ਖਰਚ ਕਰ ਦੇਵੇਗਾ ਤਾਂ ਉਹ ਦਸਵੰਧ ਵੀ ਸਿੱਧਾ ਸਾਨੂੰ ਪਹੁੰਚਿਆ ਹੀ ਸਮਝਿਆ ਜਾਵੇਗਾ। ਆਪ ਨੇ ਦਸਵੰਧ ਦੀ ਰਕਮ ਵਿੱਚੋ ਹੀ ਕਈ ਖੂਹ, ਸਰੋਵਰ ਤੇ ਤਲਾਬ ਲਗਵਾਏ ਤਾਂ ਜੋ ਪਾਣੀ ਦੀ ਕਮੀ ਨੂੰ ਪੂਰਾ ਕੀਤਾ ਜਾ ਸਕੇ।

ਸਮੇਂ ਦੇ ਨਾਲ ਨਾਲ ਦੇਸ਼ ਦੇ ਰਾਜਸੀ ਹਾਲਾਤ ਬੜੀ ਤੇਜ਼ੀ ਨਾਲ ਬਦਲ ਰਹੇ ਸਨ। ਔਰੰਗਜੇਬ ਨੇ ਆਪਣੇ ਬਾਪ ਨੂੰ ਤੇ ਭਰਾਵਾਂ ਨੂੰ ਮਾਰ ਮੁਕਾਉਣ ਮਗਰੋਂ ਤਖਤ ਹਾਸਲ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ। ਉਸ ਨੇ ਆਪਣੇ ਆਪ ਨੂੰ ਇਸਲਾਮ ਦਾ ਰਾਖਾ ਅਤੇ ਹਿੰਦੋਸਤਾਨ ਨੂੰ ਇਸਲਾਮੀ ਸ਼ਰਹ ਦਾ ਘਰ ਬਨਾਉਣ ਦਾ ਐਲਾਨ ਕੀਤਾ। ਔਰੰਗਜੇਬ ਨੇ ਅਜੇ ਤਖਤ ਸੰਭਾਲਿਆ ਹੀ ਸੀ ਕਿ ਗੁਰੂ ਹਰਿਰਾਇ ਸਾਹਿਬ ਦੇ ਵੱਡੇ ਭਰਾ ਧੀਰਮਲ ਨੇ ਸ਼ਿਕਾਇਤ ਕੀਤੀ ਕਿ ਮੈਂ ਵੱਡਾ ਭਰਾ ਹਾਂ ਗੁਰਗੱਦੀ ਤੇ ਮੇਰਾ ਹੱਕ ਬਣਦਾ ਹੈ ਤੇ ਮੈਨੂੰ ਮੇਰਾ ਹੱਕ ਦਿਵਾਇਆ ਜਾਵੇ। ਫਿਰ ਦਾਰਾ ਸ਼ਿਕੋਹ ਦੀ ਮੱਦਦ ਦਾ ਇਲਜਾਮ ਲਾ ਕੇ ਸ਼ਿਕਾਇਤ ਕੀਤੀ। ਔਰੰਗਜੇਬ ਨੇ ਆਪਣੇ ਏਲਚੀ ਰਾਹੀਂ ਪੱਤਰ ਭੇਜ ਕੇ ਗੁਰੂ ਸਾਹਿਬ ਨੂੰ ਦਿੱਲੀ ਦਰਬਾਰ ਵਿਖੇ ਪੇਸ਼ ਹੋਣ ਦਾ ਹੁਕਮ ਕੀਤਾ। ਸੰਗਤ ਵਿੱਚ ਇਸ ਪੱਤਰ ਤੇ ਵਿਚਾਰ ਕਰਨ ਉਪਰੰਤ ਆਏ ਹੋਏ ਏਲਚੀ ਨੂੰ ਦਿੱਲੀ ਨਾ ਜਾਣ ਦਾ ਫੈਸਲਾ ਸੁਣਾ ਦਿੱਤਾ। ਇਸ ਨਾਲ ਬਾਦਸ਼ਾਹ ਬੜਾ ਕ੍ਰੋਧਿਤ ਹੋਇਆ। ਅਖੀਰ ਰਾਜਾ ਜੈ ਸਿੰਘ ਦੀ ਸਲਾਹ ਨਾਲ ਨਿਮ੍ਰਤਾ ਭਰਿਆ ਪੱਤਰ ਲਿਖਿਆ। ਗੁਰੂ ਸਾਹਿਬ ਨੇ ਆਪਣੇ ਵੱਡੇ ਸਪੁੱਤਰ ਬਾਬਾ ਰਾਮ ਰਾਇ ਨੂੰ ਦਿੱਲੀ ਭੇਜਣ ਦਾ ਫੈਸਲਾ ਕੀਤਾ। ਕੁੱਝ ਵਿਦਵਾਨ ਮਸੰਦ ਅਤੇ 25 ਕੁ ਘੋੜ ਸਵਾਰ ਵੀ ਨਾਲ ਭੇਜੇ ਅਤੇ ਤਾਕੀਦ ਕੀਤੀ ਕਿ ਉਥੇ ਜਾ ਕੇ ਕੇਵਲ ਗੁਰੂ ਨਾਨਕ ਦੇਵ ਜੀ ਸਿੱਖੀ ਦਾ ਨਾਂ ਹੀ ਰੋਸ਼ਨ ਕਰਨਾ। ਅਕਾਲ ਪੁਰਖ ਤੋਂ ਛੁੱਟ ਕਿਸੇ ਹੋਰ ਦਾ ਓਟ ਆਸਰਾ ਨਹੀਂ ਲੈਣਾ।

ਬਾਬਾ ਰਾਮ ਰਾਇ ਜੀ ਦੇ ਦਿੱਲੀ ਪਹੁੰਚਣ ਤੇ ਬਾਦਸ਼ਾਹ ਨੇ ਆਦਰ ਮਾਨ ਕੀਤਾ। ਬਾਦਸ਼ਾਹ ਦੇ ਸਾਰੇ ਸ਼ੰਕਿਆਂ ਦਾ ਉਤਰ ਬਾਬਾ ਰਾਮ ਰਾਇ ਨੇ ਬਾਖੂਬੀ ਦਿੱਤਾ। ਬਾਦਸ਼ਾਹ ਉਤੇ ਰਾਮ ਰਾਇ ਦੀ ਵਿਦਵਤਾ ਦਾ ਬੜਾ ਡੂੰਘਾ ਅਸਰ ਪਿਆ। ਬਹੁਤ ਸਾਰੇ ਵਿਦਵਾਨ ਕਾਜ਼ੀ ਤੇ ਮੁੱਲਾਂ ਮੌਲਾਨੇ ਵੀ ਹਾਜ਼ਰ ਸਨ। ਬਾਦਸ਼ਾਹ ਨੇ ਕਰਾਮਾਤਾਂ ਦਿਖਾਉਣ ਲਈ ਕਿਹਾ ਤਾਂ ਬਾਬਾ ਰਾਮ ਰਾਏ ਜੀ ਗੁਰੂ ਆਸ਼ੇ ਤੋਂ ਥਿੜਕ ਗਏ ਅਤੇ ਕਰਾਮਾਤਾਂ ਦਿਖਾ ਕੇ ਬਾਦਸ਼ਾਹ ਨੂੰ ਖੁਸ਼ ਕਰਨ ਵਿੱਚ ਲੱਗੇ ਰਹੇ। ਸਿੱਖ ਇਤਿਹਾਸ ਨੇ 72 ਕਰਾਮਾਤਾਂ ਦਾ ਜ਼ਿਕਰ ਕੀਤਾ ਹੈ। ਅਖੀਰ ਔਰੰਗਜੇਬ ਨੇ ਗੁਰੂ ਨਾਨਕ ਦੇਵ ਜੀ ਦੀ ਆਸਾ ਕੀ ਵਾਰ ਦੀ ਬਾਣੀ ਦੇ ਇੱਕ ਸਲੋਕ ਮਿੱਟੀ ਮੁਸਲਮਾਨ ਕੀ .... ਦੇ ਅਰਥ ਪੁੱਛੇ। ਬਾਬਾ ਰਾਮ ਰਾਇ ਵਰਗੇ ਵਿਦਵਾਨ ਲਈ ਅਰਥ ਸਮਝਾਉਣੇ ਕੋਈ ਮੁਸ਼ਕਿਲ ਕੰਮ ਨਹੀਂ ਸੀ ਪਰ ਬਾਦਸ਼ਾਹ ਨਾਲ ਬਣਿਆ ਅਸਰ ਰਸੂਖ ਕਾਇਮ ਰੱਖਣ ਲਈ ਆਪ ਨੇ ਇਹ ਕਹਿ ਦਿੱਤਾ ਕਿ ਗੁਰੂ ਨਾਨਕ ਸਾਹਿਬ ਨੇ ਤਾਂ ਮਿੱਟੀ ਬੇਈਮਾਨ ਕੀ .... ਲਿਖਿਆ ਹੈ ਪਰ ਲਿਖਾਰੀ ਦੀ ਗਲਤੀ ਨਾਲ ਮੁਸਲਮਾਨ ਲਿਖਿਆ ਗਿਆ ਹੈ। ਇਹ ਸੁਣ ਕੇ ਬਾਦਸ਼ਾਹ ਬਹੁਤ ਖੁਸ਼ ਹੋਇਆ। ਜਦੋਂ ਗੁਰੂ ਪਿਤਾ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਆਪ ਨੇ ਹੁਕਮ ਭੇਜ ਦਿੱਤਾ ਕਿ ਅੱਜ ਤੋਂ ਬਾਅਦ ਰਾਮ ਰਾਇ ਸਾਡੇ ਮੱਥੇ ਨਾ ਲੱਗੇ ਜਿੱਧਰ ਮੂੰਹ ਹੈ ਉਧਰ ਹੀ ਚਲਾ ਜਾਵੇ। ਇਹ ਸੁਣ ਕੇ ਔਰੰਗਜੇਬ ਖੁਸ਼ ਹੋਇਆ ਕਿ ਘਰ ਵਿੱਚ ਫੁੱਟ ਪੈ ਗਈ ਹੈ ਤੇ ਇਸ ਫੁੱਟ ਨੂੰ ਹੋਰ ਪੱਕਾ ਕਰਨ ਲਈ ਉਸ ਨੇ ਰਾਮ ਰਾਇ ਨੂੰ ਦੂਨ ਦੇ ਇਲਾਕੇ ਵਿੱਚ ਇੱਕ ਵੱਡੀ ਜਗੀਰ ਦੇ ਦਿੱਤੀ ਤੇ ਆਪਣਾ ਵੱਖਰਾ ਡੇਰਾ ਬਨਾਉਣ ਲਈ ਕਿਹਾ। ਜਿਸ ਨੂੰ ਅੱਜ ਕੱਲ ਡੇਹਰਾਦੂਨ ਆਖਦੇ ਹਨ।

ਰਾਮ ਰਾਇ ਹੁਣ ਇਸ ਕੋਸ਼ਿਸ਼ ਵਿੱਚ ਸੀ ਕਿ ਕਿਸੇ ਤਰ੍ਹਾਂ ਸ਼ਾਹੀ ਰੋਅਬ ਦੀ ਮੱਦਦ ਨਾਲ ਮੈਂ ਗੁਰਿਆਈ ਦੀ ਗੱਦੀ ਸੰਭਾਲ ਲਵਾਂਗਾ। ਔਰੰਗਜੇਬ ਵੀ ਇਸ ਤਾਕ ਵਿੱਚ ਸੀ ਕਿ ਮੈਂ ਰਾਮ ਰਾਇ ਨੂੰ ਗੱਦੀ ਤੇ ਬਿਠਾ ਕੇ ਆਪਣਾ ਹੱਥ ਠੋਕਾ ਬਣਾ ਲਵਾਂਗਾ ਅਤੇ ਇਸ ਤਰੀਕੇ ਨਾਲ ਪੰਜਾਬ ਦੇ ਹਿੰਦੂ ਤੇ ਸਿੱਖਾਂ ਨੂੰ ਇਸਲਾਮ ਦੇ ਦਾਇਰੇ ਵਿੱਚ ਲੈ ਆਵਾਂਗਾ। ਇਹਨਾਂ ਸਾਰੇ ਹਲਾਤਾਂ ਨੂੰ ਮਹਿਸੂਸ ਕਰਕੇ ਗੁਰੂ ਹਰਿ ਰਾਇ ਸਾਹਿਬ ਨੇ ਪ੍ਰਚਾਰ ਮੁਹਿੰਮ ਨੂੰ ਤੇਜ ਕਰ ਦਿੱਤਾ ਤਾਂ ਜੋ ਸੰਗਤਾਂ ਨੂੰ ਔਰੰਗਜੇਬ ਦੀਆਂ ਸਾਜਸ਼ਾਂ ਤੋਂ ਜਾਣੂ ਕਰਵਾਇਆ ਜਾ ਸਕੇ। ਆਪ ਨੇ ਕੀਰਤਪੁਰ ਤੋਂ ਦੁਆਬੇ ਰਾਹੀਂ ਹੋ ਕੇ ਕਰਤਾਰਪੁਰ, ਖਡੂਰ ਸਾਹਿਬ, ਗੋਇੰਦਵਾਲ, ਅੰਮ੍ਰਿਤਸਰ ਤੇ ਸ੍ਰੀ ਗੋਬਿੰਦਪੁਰ ਆਦਿ ਇਲਾਕਿਆਂ ਵਿੱਚ ਪ੍ਰਚਾਰ ਕਰਕੇ ਸਿੱਖਾਂ ਵਿੱਚ ਉਤਸ਼ਾਹ ਪੈਦਾ ਕੀਤਾ। ਭਾਈ ਫੇਰੂ ਜੀ ਨੇ ਵੀ ਇਹਨਾਂ ਇਲਾਕਿਆਂ ਵਿੱਚ ਡਟ ਕੇ ਪ੍ਰਚਾਰ ਕੀਤਾ।

ਇਸ ਤੋਂ ਬਾਅਦ ਆਪ ਨੇ ਮਾਲਵੇ ਦੇ ਇਲਾਕੇ ਵਿੱਚ ਪ੍ਰਚਾਰਕ ਦੌਰੇ ਸ਼ੁਰੂ ਕੀਤੇ। ਇੱਥੇ ਭਾਈ ਬਹਿਲੋ, ਭਾਈ ਭਗਤੂ, ਭਾਈ ਪੰਜਾਬਾ ਤੇ ਭਾਈ ਭੂੰਦੜ ਆਦਿ ਮੁੱਖੀ ਸਿੱਖਾਂ ਨੇ ਬੜੇ ਜੋਰ ਸ਼ੋਰ ਨਾਲ ਪ੍ਰਚਾਰ ਕੀਤਾ। ਇਸ ਇਲਾਕੇ ਵਿੱਚ ਫੂਲ ਤੇ ਸੰਦਲੀ ਜੋ ਚੌਧਰੀ ਕਾਲੇ ਦੇ ਭਤੀਜੇ ਸਨ, ਨੂੰ ਪ੍ਰਚਾਰ ਵਿੱਚ ਲਾਇਆ ਤੇ ਗੁਰੂ ਸਾਹਿਬ ਨੇ ਇਹਨਾਂ ਨੂੰ ਫੁੱਲ ਵਾਂਗ ਟਹਿਕਣ ਤੇ ਸੰਦਲ ਵਾਂਗ ਮਹਿਕਣ ਲਈ ਕਿਹਾ। ਬਾਅਦ ਵਿੱਚ ਗੁਰੂ ਸਾਹਿਬ ਦੀ ਬਖਸ਼ਿਸ਼ ਨਾਲ ਇਹਨਾਂ ਦੀ ਸੰਤਾਨ ਨੇ ਰਾਜ ਕੀਤਾ। ਇਸੇ ਤਰ੍ਹਾਂ ਭਾਈ ਭਗਤੂ ਦੇ ਪੁੱਤਰ ਜੀਵਨ ਤੇ ਗੌਰਾ ਨੇ ਬਠਿੰਡੇ ਦੇ ਇਲਾਕੇ ਵਿੱਚ ਸਿੱਖੀ ਦੀ ਮਹਿਕ ਨੂੰ ਫੈਲਾਇਆ।

ਪੋਠਾਹਾਰ ਵੱਲ ਕਾਬਲ ਤੋਂ ਘੋੜਿਆਂ ਤੇ ਮੇਵਿਆਂ ਦਾ ਵਪਾਰ ਕਰਨ ਵਾਲੇ ਸਿੱਖ ਵੀ ਨਾਲ ਨਾਲ ਸਿੱਖੀ ਦਾ ਪ੍ਰਚਾਰ ਕਰਦੇ ਰਹੇ। ਇਸੇ ਤਰ੍ਹਾਂ ਪੰਜਾਬ ਤੋਂ ਬਾਹਰ ਵੀ ਭਗਤ ਭਗਵਾਨ ਤੇ ਸੁਥਰੇ ਸ਼ਾਹ ਵਰਗੇ ਮਸੰਦ ਸਿੱਖ ਜੱਥੇਬੰਦੀ ਨੂੰ ਮਜਬੂਤ ਕਰ ਰਹੇ ਸਨ। ਇਸ ਤਰ੍ਹਾਂ ਸਿੱਖੀ ਦੀ ਲਹਿਰ ਪੂਰੇ ਹਿੰਦੋਸਤਾਨ ਵਿੱਚ ਫੈਲਦੀ ਜਾ ਰਹੀ ਸੀ ਤੇ ਪੰਜਾਬ ਇਸ ਦਾ ਕੇਂਦਰ ਸੀ।

ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਲਈ ਆਪ ਨੇ ਤਿੰਨ ਬਖਸ਼ਿਸ਼ਾਂ ਭਾਵ ਪ੍ਰਚਾਰ ਕੇਂਦਰ ਕਾਇਮ ਕੀਤੇ। ਹਰ ਇੱਕ ਬਖਸ਼ਿਸ਼ ਇੱਕ ਪ੍ਰਸਿੱਧ ਉਦਾਸੀ ਸਿੱਖ ਦੀ ਨਿਗਰਾਨੀ ਹੇਠ ਸੀ। ਇਹ ਗੁਰਸਿੱਖ ਸਨ ਭਾਈ ਸੁਥਰੇ ਸ਼ਾਹ, ਭਾਈ ਭਗਤ ਭਗਵਾਨ ਤੇ ਭਾਈ ਫੇਰੂ ਜੀ।

ਗੁਰੂ ਹਰਿਰਾਏ ਸਾਹਿਬ ਨੇ ਆਪਣਾ ਅੰਤਮ ਸਮਾਂ ਨੇੜੇ ਜਾਣ ਕੇ ਆਪਣੀ ਥਾਂ ਆਪਣੇ ਛੋਟੇ ਸਾਹਿਬਜਾਦੇ (ਗੁਰੂ) ਹਰਿ ਕ੍ਰਿਸ਼ਨ ਸਾਹਿਬ ਨੂੰ ਸਾਰੀ ਸੰਗਤ ਦੇ ਸਾਹਮਣੇ ਗੁਰਿਆਈ ਬਖਸ਼ਿਸ਼ ਕੀਤੀ। ਉਸ ਸਮੇਂ ਆਪ ਦੀ ਉਮਰ ਸਵਾ ਪੰਜ ਸਾਲ ਦੀ ਸੀ ਅਤੇ ਅਕਤੂਬਰ 1661 ਦੀ 6 ਤਰੀਕ ਸੀ।

ਗੁਰੂ ਹਰਿਰਾਏ ਸਾਹਿਬ ਨੇ ਭਾਵੇਂ ਬਾਣੀ ਦੀ ਰਚਨਾ ਨਹੀਂ ਕੀਤੀ ਪਰ ਆਪਣੇ ਜੀਵਨ ਕਾਲ ਵਿੱਚ ਉਹਨਾਂ ਨੂੰ ਜੋ ਉਪਦੇਸ਼ ਦਿੱਤੇ ਜਾਂ ਜੋ ਸਾਖੀਆਂ ਮਿਲਦੀਆਂ ਹਨ ਉਹਨਾਂ ਤੋਂ ਇਹ ਪਤਾ ਲੱਗਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਦਰਸਾਏ ਮਾਰਗ ਤੇ ਆਦਰਸ਼ ਨੂੰ ਪਰਫੁੱਲਤ ਕਰਨ ਲਈ ਉਹਨਾਂ ਨੇ ਕੀ ਕੁੱਝ ਕੀਤਾ। ਗੁਰੂ ਪਾਤਸ਼ਾਹ ਨੇ ਜੋ ਉਪਦੇਸ਼ ਉਸ ਸਮੇਂ ਦੇ ਰਾਜਿਆਂ ਨੂੰ ਦਿੱਤਾ ਉਸ ਦਾ ਵਰਨਣ ਕਰਦੇ ਹੋਏ ਮੈਕਾਲਫ ਲਿਖਦਾ ਹੈ ਕਿ ਗੁਰੂ ਸਾਹਿਬ ਨੇ ਸਮਝਾਇਆ ਕਿ ਰਾਜਾ ਹੋ ਕੇ ਕਿਸੇ ਨੂੰ ਰੋਹਬ ਨਾ ਦਿਖਾਉ। ਰਾਜੇ ਦਾ ਵਿਲਾਸੀ ਹੋਣਾ ਰਾਜ ਦੀ ਤਬਾਹੀ ਦਾ ਕਾਰਨ ਹੈ। ਰਾਜ ਦੀ ਆਮਦਨ ਲੋਕ ਭਲਾਈ ਦੇ ਕਾਰਜਾਂ ਲਈ ਵਰਤੀ ਜਾਵੇ। ਰਾਜਿਆਂ ਨੇ ਗੁਰੂ ਪਾਤਸ਼ਾਹ ਅੱਗੇ ਸੀਸ ਨਿਵਾਇਆ। ਇਹਨਾਂ ਰਾਜਿਆਂ ਵਿੱਚ ਰਾਜਾ ਤਾਰਾ ਚੰਦ ਤੇ ਰਾਜਾ ਦੀਪ ਚੰਦ ਵੀ ਸ਼ਾਮਲ ਸਨ।

ਭਾਈ ਪੂੰਗਰ ਜੋ ਗਰੀਬ ਸਿੱਖ ਸੀ ਪਰ ਆਏ ਗਏ ਦੀ ਵਿੱਤ ਅਨੁਸਾਰ ਫਿਰ ਵੀ ਸੇਵਾ ਕਰਦਾ ਸੀ। ਇੱਕ

ਵਾਰ ਇੱਕ ਸਾਧੂਆਂ ਦੀ ਟੋਲੀ ਆਈ ਉਹ ਭਾਈ ਪੂੰਗਰ ਦੀ ਸੇਵਾ ਤੋਂ ਬਹੁਤ ਪ੍ਰਭਾਵਤ ਹੋਈ। ਉਹਨਾਂ ਦੇ ਕੋਲ ਇੱਕ ਰਸਾਇਣ ਦੀ ਡੱਬੀ ਸੀ ਜਿਸ ਨਾਲ ਸੋਨਾ ਬਣਾਇਆ ਜਾ ਸਕਦਾ ਸੀ। ਉਹਨਾਂ ਨੇ ਇਹ ਡੱਬੀ ਭਾਈ ਪੂੰਗਰ ਨੂੰ ਦੇ ਦਿੱਤੀ ਤੇ ਕਿਹਾ ਕਿ ਤੇਰਾ ਜੀਵਨ ਸੌਖਾ ਹੋ ਜਾਵੇਗਾ ਪਰ ਭਾਈ ਪੂੰਗਰ ਨੇ ਲੈਣ ਤੋਂ ਇਨਕਾਰ ਕਰ ਦਿੱਤਾ ਕਿ ਮੇਰੇ ਗੁਰੂ ਦਾ ਹੁਕਮ ਹੈ ਕਿ ਸੱਚੀ ਤੇ ਸੁੱਚੀ ਕਿਰਤ ਨਾਲ ਹੀ ਗੁਜਾਰਾ ਕਰਨਾ ਹੈ।

ਜਦੋਂ ਸੰਗਤਾਂ ਦਾ ਦੀਵਾਨ ਲੱਗਦਾ ਤਾਂ ਗੁਰੂ ਸਾਹਿਬ ਉਹਨਾਂ ਦੇ ਸ਼ੰਕੇ ਵੀ ਨਵਿਰਤ ਕਰਦੇ। ਸਿੱਖਾਂ ਨੇ ਗੁਰੂ ਸਾਹਿਬ ਤੋਂ ਪੁੱਛਿਆ ਕਿ ਸੁਹਣਾ ਕੌਣ ਹੈ ਤੇ ਕਸੁਹਣਾ ਕੌਣ ਹੈ। ਗੁਰੂ ਜੀ ਕਹਿਣ ਲੱਗੇ ਜਿਸ ਪਾਸ ਸ਼ੀਤਲਤਾ ਹੈ, ਹਿਰਦੇ ਦੀ ਠੰਡਕ ਹੈ ਤੇ ਸ਼ਾਂਤ ਚਿਤ ਹੈ ਉਹ ਸੁਹਣਾ ਹੈ ਤੇ ਜੋ ਸਦਾ ਉਤੇਜਿਤ ਰਹਿੰਦਾ ਹੈ ਤੇ ਸਾਜਸ਼ਾਂ ਘੜਦਾ ਹੈ ਉਹ ਕਸੁਹਣਾ ਹੈ। ਮੁਕਤਾ ਕੌਣ ਹੈ ਪੁੱਛਣ ਤੇ ਮਹਾਰਾਜ ਨੇ ਕਿਹਾ ਜਿਸ ਨੂੰ ਦੁੱਖ ਸੁੱਖ ਵਿੱਚ ਪ੍ਰਮਾਤਮਾ ਯਾਦ ਰਹੇ ਉਹ ਮੁਕਤਾ ਹੈ। ਜਦੋਂ ਸਿੱਖਾਂ ਨੇ ਪੁੱਛਿਆ ਕਿ ਪਾਪਾਂ ਦਾ ਮੂਲ ਕੀ ਹੈ ਤਾਂ ਆਪ ਨੇ ਫੁਰਮਾਇਆ ਲੋਭ ਹੀ ਪਾਪਾਂ ਦਾ ਮੂਲ ਹੈ। ਸਿੱਖਾਂ ਨੇ ਪੁੱਛਿਆ ਕਿ ਕਿਹੜੀ ਅਰਦਾਸ ਥਾਂਇ ਪੈਂਦੀ ਹੈ ਤਾਂ ਗੁਰੂ ਸਾਹਿਬ ਨੇ ਕਿਹਾ ਜੋ ਅਰਦਾਸ ਸ਼ੁੱਧ ਹਿਰਦੇ ਨਾਲ ਹੋਵੇ ਤੇ ਸਭ ਦੇ ਭਲੇ ਲਈ ਹੋਵੇ ਉਹੀ ਥਾਈਂ ਪੈਂਦੀ ਹੈ। ਯਾਤਰਾ ਦੇ ਅਸੂਲ ਦ੍ਰਿੜਾਉਂਦੇ ਹੋਏ ਆਪ ਨੇ ਸੰਗਤਾਂ ਨੂੰ ਫੁਰਮਾਇਆ ਕਿ ਸਫਰ ਤੇ ਚਲਦਿਆਂ ਕੀਰਤਨ ਕਰਦੇ ਜਾਉ। ਗੁਰੂ ਜਸ ਗਾਉ। ਹਾਸਾ ਠੱਠਾ ਨਾ ਕਰੋ। ਪੜਾਅ ਕਰਦਿਆਂ ਦੀਵਾਨ ਸਜਾਉ ਤੇ ਗੁਰੂ ਉਪਦੇਸ਼ ਤੇ ਬਾਣੀ ਸੁਣੋ।

ਗੁਰਬਾਣੀ ਦੇ ਸਤਿਕਾਰ ਪ੍ਰਤੀ ਆਪ ਕਿਨੇ ਤਤਪਰ ਸਨ ਇਸ ਗੱਲ ਦਾ ਪਤਾ ਇਸ ਘਟਨਾ ਤੋਂ ਲੱਗਦਾ ਹੈ ਇੱਕ ਦਿਨ ਲੌਢੇ ਪਹਿਰ ਮੰਜੇ ਤੇ ਅਰਾਮ ਕਰ ਰਹੇ ਸਨ ਕਿ ਇੱਕ ਜੱਥਾ ਸ਼ਬਦ ਕੀਰਤਨ ਕਰਦਾ ਹੋਇਆ ਦਰਸ਼ਨਾਂ ਲਈ ਆ ਰਿਹਾ ਸੀ। ਜਿਸ ਵੇਲੇ ਆਪ ਦੇ ਕੰਨਾਂ ਵਿੱਚ ਸ਼ਬਦ ਦੀ ਅਵਾਜ ਪਈ ਤਾਂ ਕਾਹਲੀ ਨਾਲ ਉਠੇ ਤੇ ਮੰਜੇ ਤੋਂ ਉਤਰਣ ਵੇਲੇ ਗੋਡੇ ਤੇ ਸੱਟ ਲੱਗ ਗਈ ਅਤੇ ਅੱਗੇ ਤੋਂ ਦਿਨ ਵੇਲੇ ਅਰਾਮ ਕਰਨਾ ਹੀ ਬੰਦ ਕਰ ਦਿੱਤਾ ਤੇ ਕਿਹਾ ਕਿ ਇਸ ਤਰ੍ਹਾਂ ਸ਼ਬਦ ਦੀ ਨਿਰਾਦਰੀ ਹੁੰਦੀ ਹੈ। ਗੁਰੂ ਸਾਹਿਬ ਦੇ ਸਮੇ ਹੀ ਕੀਰਤਪੁਰ ਨਿਆਸਰਿਆਂ ਦਾ ਆਸਰਾ ਬਣ ਗਿਆ ਸੀ। ਸਿੱਖ ਜੀਵਨ ਦਾਨ ਦੇ ਕੇ ਜਵਾਨੀਆਂ ਭੇਟ ਕਰਦੇ ਤੇ ਆਪਣੇ ਬੱਚਿਆਂ ਨੂੰ ਗੁਰੂ ਦਰ ਤੇ ਸੇਵਾ ਲਈ ਅਰਪਨ ਕਰ ਜਾਂਦੇ।ਇਹਨਾਂ ਵਿੱਚੋਂ ਹੀ ਇੱਕ ਬੱਚੀ ਰੂਪ ਕੌਰ ਸੀ ਜਿਸ ਨੂੰ ਗੁਰ ਹਰਿਰਾਇ ਜੀ ਨੇ ਆਪਣੇ ਹੱਥੀਂ ਪਾਲਿਆ। ਉਸ ਨੇ ਸਤਿਗੁਰੂ ਜੀ ਦੇ ਮੂੰਹੋਂ ਨਿੱਕਲੇ ਬਚਨਾਂ ਤੇ ਸਾਖੀਆਂ ਨੂੰ ਲਿਖਤੀ ਰੂਪ ਦਿੱਤਾ। ਅਸਲ ਵਿੱਚ ਸਿੱਖ ਧਰਮ ਦੀ ਪਹਿਲੀ ਇਤਿਹਾਸਕਾਰ ਬੀਬੀ ਰੂਪ ਕੌਰ ਹੀ ਹੋ ਨਿੱਬੜੀ। ਇਹ ਬਚਨ ਇਤਨੇ ਬਹੁਮੁੱਲੇ ਹਨ ਕਿ ਇਹਨਾਂ ਤੇ ਚੱਲ ਕੇ ਜੀਵਨ ਉਚਾ ਤੇ ਸੁੱਚਾ ਹੋ ਜਾਂਦਾ ਹੈ।

ਭਾਈ ਗੁਰਦਾਸ ਜੀ ਦੂਜੇ ਨੇ ਆਪ ਦੀ ਮਹਿਮਾ ਕਰਦਿਆਂ ਲਿਖਿਆ ਹੈ ਕਿ ਉਹਨਾਂ ਨੇ ਐਸੀ ਕਮਾਈ ਕਰ ਲਈ ਸੀ ਕਿ ਸਦਾ ਹੀ ਨਾਮ ਬਾਣੀ ਨਾਲ ਜੁੜੇ ਰਹਿੰਦੇ ਤੇ ਸੇਵਾ ਲਈ ਤਤਪਰ ਰਹਿੰਦੇ। ਏਨੀਆਂ ਸ਼ਕਤੀਆਂ ਦੇ ਮਾਲਕ ਹੋ ਕੇ ਵੀ ਕਦੀ ਆਪਾ ਨਾ ਜਤਾਉਂਦੇ। ਪ੍ਰੋਫੈਸਰ ਪੂਰਨ ਸਿੰਘ ਲਿਖਦੇ ਹਨ ਕਿ ਜਿਹੜੀ ਗੱਲ ਉਹਨਾਂ ਦੀ ਅੰਤਰ ਆਤਮਾ ਮੰਨਦੀ ਸੀ ਅਤੇ ਦੂਜਿਆ ਨੂੰ ਕਹਿਣੀ ਹੁੰਦੀ ਸੀ ਪਹਿਲਾਂ ਉਸ ਨੂੰ ਆਪਣੇ ਤੇ ਫੌਜੀ ਜ਼ਾਬਤੇ ਵਾਂਗੂ ਲਾਗੂ ਕਰਦੇ। ਉਹ ਕਰਤਾ ਸਨ। ਉਹਨਾਂ ਨੇ ਸਾਰੀ ਜਿੰਦਗੀ ਕੋਈ ਫੁੱਲ ਨਹੀਂ ਪੁੱਟਿਆ ਸਗੋਂ ਫੁੱਲ ਲਗਾਉਂਦੇ ਹੀ ਰਹੇ। ਭਾਈ ਨੰਦ ਲਾਲ ਜੀ ਲਿਖਦੇ ਹਨ ਕਿ ਗੁਰੂ ਹਰਿਰਾਇ ਜੀ ਸੱਚ ਦੇ ਪਾਲਣਹਾਰ ਵੀ ਹਨ ਤੇ ਸੱਚ ਦੇ ਧਾਰਨੀ ਵੀ ਹਨ। ਉਹ ਲੋਕ ਤੇ ਪਰਲੋਕ ਦੋਹਾਂ ਜਹਾਨਾਂ ਦੇ ਮਾਲਕ ਹਨ।

9915515436

****

ਪੰਜਾਬੀ ਸਾਹਿਤ ਦੇ ਸ਼ਾਹ-ਅਸਵਾਰ ਜਸਵੰਤ ਸਿੰਘ ਕੰਵਲ ਨੂੰ ਚੇਤੇ ਕਰਦਿਆਂ.....



-ਅਮਰੀਕ ਸਿੰਘ ਸ਼ੇਰਖਾਂ

ਕੁਝ ਮਨੁੱਖ ਹਯਾਤੀ ਨੂੰ ਇਸ ਤਰੀਕੇ ਨਾਲ ਭੋਗਦੇ ਹਨ ਕਿ ਦੁਨੀਆਂ ਤੋਂ ਤੁਰ ਜਾਣ ਤੋਂ ਬਾਦ ਵੀ ਲੱਖਾਂ ਲੋਕ ਉਹਨਾਂ ਦੀ ਹੋਂਦ ਨੂੰ ਆਪਣੇ ਅੰਗ-ਸੰਗ ਮਹਿਸੂਸ ਕਰਦੇ ਹਨ। ਅਜਿਹੀ ਹੀ ਇੱਕ ਪਿਆਰੀ ਸ਼ਖਸੀਅਤ ਬਾਪੂ ਜਸਵੰਤ ਸਿੰਘ ਕੰਵਲ ਭਾਵੇਂ ਪਿਛਲੇ ਦਿਨੀਂ 01 ਫਰਵਰੀ ਦੀ ਸਵੇਰ ਨੂੰ ਸਾਡੇ ਤੋਂ ਸਰੀਰਕ ਤੌਰ ਤੇ ਵਿਦਾ ਹੋ ਗਏ ਹਨ ਪਰ ਉਹਨਾਂ ਦੁਆਰਾ ਸ਼ਬਦੀ-ਰੂਪ ਵਿੱਚ ਘਾਲੀ-ਘਾਲਣਾ ਸਦੀਆਂ ਤੱਕ ਸਮੂਹ ਪੰਜਾਬੀਆਂ ਦਾ ਰਾਹ-ਦਸੇਰਾ ਬਣੀ ਰਹੇਗੀ।

ਇਸ ਮਹਾਨ ਸ਼ਖਸੀਅਤ ਦਾ ਜਨਮ 27 ਜੂਨ 1919 ਈ: ਨੂੰ ਮਾਲਵੇ ਦੇ ਪ੍ਰਸਿੱਧ ਪਿੰਡ ਢੁੱਡੀ ਕੇ (ਮੋਗਾ) ਵਿਖੇ ਇੱਕ ਸਧਾਰਨ ਕਿਸਾਨ ਪਰਿਵਾਰ ਵਿੱਚ ਹੋਇਆ। ਆਪ ਜਦ ਥੋੜ੍ਹੇ ਗਭਰੇਟ ਹੋਏ ਤਾਂ ਮਲਾਇਆ (ਮਲੇਸ਼ੀਆ) ਨੂੰ ਜਹਾਜ਼ੇ ਚੜ੍ਹ ਗਏ। ਉੱਥੇ ਜਾ ਕੇ ਕਾਫੀ ਮਿਹਨਤ ਮੁਸ਼ੱਕਤ ਕੀਤੀ। ਬੇਸ਼ੱਕ ਸਾਹਿਤ ਪੜ੍ਹਨ ਦਾ ਸ਼ੌਕ ਆਪ ਜੀ ਨੂੰ ਸ਼ੁਰੂ ਤੋਂ ਹੀ ਸੀ ਪਰ ਆਪ ਨੇ ਇਹਨਾਂ ਸਤਰਾਂ ਦੇ ਲਿਖਾਰੀ ਨੂੰ ਖੁਦ ਇੱਕ ਮੁਲਾਕਾਤ ਦੌਰਾਨ ਦੱਸਿਆ ਕਿ ਉਹਨਾਂ ਨੇ ਪਹਿਲੀ ਕਵਿਤਾ ਮਲਾਇਆ ਦੇ ਗੁਰਦੁਆਰਾ ਸਾਹਿਬ ਵਿੱਚ ਮੌਕੇ ਤੇ ਲਿਖ ਕੇ ਬੋਲੀ।

ਉਸਦਾ ਵਾਕਿਆ ਵੀ ਆਪ ਨੇ ਫੁਰਮਾਇਆ ਕਿ ਜਿਸ ਇਲਾਕੇ ਵਿੱਚ ਉਹ ਰਾਤ ਦੀ ਡਿਊਟੀ ਕਰਦੇ ਸਨ ਉਸੇ ਇਲਾਕੇ ਚ ਸਥਾਨਕ ਪੰਜਾਬੀਆਂ ਦੀ ਵਸੋਂ ਵੀ ਵਾਹਵਾ ਸੀ ਤੇ ਇੱਕ ਗੁਰਦੁਆਰਾ ਸਾਹਿਬ ਦਾ ਨਿਰਮਾਣ ਵੀ ਕਰ ਲਿਆ ਗਿਆ। ਜਦ ਗੁਰੂ ਨਾਨਕ ਸਾਹਿਬ ਦਾ ਗੁਰਪੁਰਬ ਆਇਆ ਤਾਂ ਸਥਾਨਕ ਸੰਗਤ ਨੇ ਪੰਜਾਬ ਤੋਂ ਆਏ ਇੱਕ ਦੋ ਕਵੀਆਂ ਨੂੰ ਕਵਿਤਾ ਸੁਨਾਉਣ ਲਈ ਕਿਹਾ। ਕਵੀ-ਜਨਾਂ ਨੇ ਕਵਿਤਾ ਸੁਣਾਈ ਪਰ ਬੜੇ ਅਟਕ-ਅਟਕ ਕੇ। ਬੜੀ ਬੇਸੁਆਦੀ ਜਿਹੀ ਹੋਈ। ਮੇਰੇ ਮਨ ਵਿੱਚ ਖਿਆਲ ਆਇਆ ਕਿ ਇਹਨਾਂ ਨਾਲੋਂ ਸੋਹਣੀ ਕਵਿਤਾ ਤਾਂ ਮੈਂ ਲਿਖ ਤੇ ਬੋਲ ਸਕਦਾਂ।

ਖੈਰ, ਸਾਧਾਂ-ਸੰਤਾਂ ਤੇ ਕਈ ਉਦਾਸੀ ਡੇਰਿਆਂ ਨਾਲ ਵੀ ਮੇਰਾ ਮੇਲ-ਗੇਲ ਪਹਿਲਾਂ ਈ ਸੀ। ਸੋ ਏਸੇ ਪ੍ਰਭਾਵ ਸਦਕਾ ਮੈਂ ਉੱਥੇ ਈ ਬੈਠ ਕੇ ਕੁਝ ਕੁ ਮਿੰਟਾਂ ਵਿੱਚ ਗੁਰੂ ਨਾਨਕ ਸਾਹਿਬ ਬਾਰੇ ਕੁਝ ਸਤਰਾਂ ਝਰੀਟ ਲਈਆਂ। ਜਦ ਸਟੇਜ ਸਕੱਤਰ ਨੇ ਮੈਨੂੰ ਸੱਦਾ ਦਿੱਤਾ ਤਾਂ ਮੈਂ ਪੂਰੇ ਵਜਦ ਵਿੱਚ ਆ ਕੇ ਇਹ ਕਵਿਤਾ ਸੰਗਤ ਦੇ ਸਨਮੁਖ ਪੇਸ਼ ਕੀਤੀ। ਸੰਗਤ ਵੱਲੋਂ ਵੀ ਭਰਵੀਂ ਦਾਦ ਮਿਲੀ। ਬੱਸ, ਏਥੋਂ ਹੀ ਕਲਮ ਚੁੱਕਣ ਦਾ ਮਨ ਬਣ ਗਿਆ। ਫੇਰ ਮਲਾਇਆ ਤੋਂ ਵਾਪਸ ਆ ਕੇ ਸ਼ਰੋਮਣੀ ਕਮੇਟੀ ਦੇ ਦਫਤਰ ਅੰਮ੍ਰਿਤਸਰ 'ਚ ਕਲਰਕੀ ਕਰਦਿਆਂ ਕਈ ਮਹਾਨ ਹਸਤੀਆਂ ਨੂੰ ਮਿਲਣ ਦਾ ਮੌਕਾ ਮਿਲਿਆ। ਏਥੇ ਰਹਿੰਦਿਆਂ ਕਈ ਪ੍ਰਕਾਰ ਦਾ ਸਾਹਿਤ ਨਿੱਠ ਕੇ ਪੜ੍ਹਿਆ। ਇੱਕ ਸੱਚੀ ਵਾਰਤਾ ਜੋ ਕਿਸੇ ਸੱਜਣ ਪਿਆਰਾ ਸਿੰਘ ਨਾਲ ਵਾਪਰੀ ਸੀ ਤੇ ਉਸ ਨਿਰਦੋਸ਼ ਨੂੰ ਹੀ ਫਾਂਸੀ ਦੇ ਫੰਦੇ ਤੇ ਲਟਕਾ ਦਿੱਤਾ ਗਿਆ ਸੀ, ਉਸਨੂੰ ਆਧਾਰ ਬਣਾ ਕੇ 'ਸੱਚ ਨੂੰ ਫਾਂਸੀ' (1944) ਨਾਵਲ ਲਿਖਿਆ। ਜਿਸਨੂੰ ਪੰਜਾਬੀ ਪਾਠਕਾਂ ਨੇ ਸੋਹਣਾ ਹੁੰਗਾਰਾ ਦਿੱਤਾ। ਬੱਸ, ਫਿਰ ਚੱਲ ਸੋ ਚੱਲ। ਏਸੇ ਦੌਰ ਵਿੱਚ ਉਹਦੇ ਨਾਵਲ ਪਾਲੀ (1946) ਤੇ ਪੂਰਨਮਾਸ਼ੀ (1949) ਨੇ ਤਾਂ ਵਿਕਰੀ ਦੇ ਅੱਜ ਤੱਕ ਦੇ ਕਈ ਰਿਕਾਰਡ ਤੋੜੇ। ਜਸਵੰਤ ਸਿੰਘ ਕੰਵਲ ਨੇ ਇਸ ਤੋਂ ਬਾਦ ਤਿੰਨ ਦਰਜ਼ਨ ਦੇ ਕਰੀਬ ਨਾਵਲ ਤੇ ਦਰਜ਼ਨ ਦੇ ਕਰੀਬ ਕਹਾਣੀ ਸੰਗ੍ਰਹਿ ਰਚੇ। ਉਹ ਹਰ ਲੋਕ-ਲਹਿਰ ਦੇ ਮੋਢੇ ਨਾਲ ਮੋਢਾ ਲਾ ਕੇ ਖੜ੍ਹਦਾ

ਰਿਹਾ। ਜਦ ਤੱਕ ਕੋਈ ਵੀ ਲਹਿਰ ਉਸਨੂੰ ਲੋਕ-ਹਿੱਤਾਂ ਨਾਲ ਇਨਸਾਫ ਕਰਦੀ ਜਾਪੀ, ਉਹ ਉਹਦੇ ਸੋਹਿਲੇ ਗਾਉਣ ਤੋਂ ਪਿੱਛੇ ਨਹੀਂ ਹਟਿਆ। ਉਸਦੇ ਨਾਵਲ 'ਰਾਤ ਬਾਕੀ ਹੈ, ਐਨਿਆਂ ਚੋਂ ਉਠੇ ਸੂਰਮਾ, ਲਹੂ ਦੀ ਲੋਅ ਆਦਿਕ ਉਸ ਵਕਤ ਦੀ ਨਕਸਲ-ਬਾੜੀ ਲਹਿਰ ਦੀ ਪੁਸ਼ਤ-ਪਨਾਹੀ ਕਰਦੇ ਹਨ।

ਜਦ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਹਮਲਾ ਹੋਇਆ ਤਾਂ ਉਸਦਾ ਸਿੱਖੀ ਦਰਦ ਉਹਦੇ ਰੋਮ-ਰੋਮ ਨੂੰ ਝੰਜੋੜਨ ਲੱਗਾ। ਬੇਸ਼ੱਕ ਉਸਨੇ ਦਰਬਾਰ ਸਾਹਿਬ ਤੇ ਹਮਲੇ ਤੋਂ ਪਹਿਲਾਂ ਵੀ ਸੰਤ ਭਿੰਡਰਾਂਵਾਲਿਆਂ ਨਾਲ ਮੁਲਾਕਾਤ ਕਰਕੇ ਕੋਈ ਵਿੱਚ-ਵਿਚਾਲੇ ਦਾ ਰਸਤਾ ਕੱਢਣ ਦੀ ਗੱਲ ਸੁਝਾਈ ਸੀ ਪਰ ਅਫਸੋਸ ਐਸਾ ਨਹੀਂ ਹੋ ਸਕਿਆ। ਸ੍ਰੀ ਦਰਬਾਰ ਸਾਹਿਬ 'ਤੇ ਹਮਲੇ ਤੋਂ ਬਾਦ ਉਸਦੀ ਸੁਰ 'ਸਿੱਖ-ਹੋਮਲੈਂਡ' ਵੱਲ ਦਿਨੋ-ਦਿਨ ਉੱਚੀ ਹੋਣ ਲੱਗੀ। ਉਸਨੇ ਵੱਡ- ਆਕਾਰੀ ਨਾਵਲ 'ਖੂਨ ਕੇ ਸੋਹਿਲੇ ਗਾਵੀਅਹਿ ਨਾਨਕ' ਲਿਖ ਕੇ ਰਵਾਇਤੀ ਅਕਾਲੀ ਲੀਡਰਸ਼ਿਪ ਨੂੰ ਝੰਜੋੜਨ ਦਾ ਯਤਨ ਕੀਤਾ ਤੇ 1947 ਵੇਲੇ ਸਿੱਖ ਰਾਜ ਦੀ ਗੱਲ ਨਾ ਚੁੱਕਣ ਲਈ ਉਸ ਵੇਲੇ ਦੀ ਅਕਾਲੀ ਲੀਡਰਸ਼ਿਪ ਦੀ ਨਾ-ਅਹਿਲਤਾ ਨੂੰ ਵੀ ਚੌਰਾਹੇ ਵਿਚਕਾਰ ਭੰਡਿਆ। ਇਸ ਤੋਂ ਇਲਾਵਾ ਸਿੱਖ ਜਦੋ-ਜਹਿਦ (1985), ਜਿੱਤਨਾਮਾ (1986), ਜਦੋ-ਜਹਿਦ ਜਾਰੀ ਰਹੇ (1987) , ਆਪਣਾ ਕੌਮੀ ਘਰ (1992), ਹਾਲ ਮੁਰੀਦਾਂ ਦਾ (1996) ਆਦਿਕ ਪੁਸਤਕਾਂ ਦੀ ਰਚਨਾ ਕਰ ਕੇ ਸਿੱਖ ਹਿਰਦਿਆਂ ਨੂੰ ਧੁਰ-ਅੰਦਰੋਂ ਹਲੂਣ ਕੇ ਰੱਖ ਦਿੱਤਾ। ਕੰਵਲ ਬੇਸ਼ੱਕ ਸਿੱਧੇ ਤੌਰ ਤੇ ਰਾਜਨੀਤੀ ਦਾ ਹਿੱਸਾ ਨਹੀਂ ਬਣਿਆ ਪਰ ਉਸਨੂੰ ਰਾਜਨੀਤੀ ਦੀ ਡੂੰਘੀ ਸਮਝ ਸੀ। ਜਦ 1997 ਈ. ਵਿੱਚ ਅਕਾਲੀ ਸਰਕਾਰ ਬਣੀ ਤਾਂ ਬਾਦਲ-ਟੌਹੜਾ ਦੇ ਕਾਟੋ-ਕਲੇਸ਼ ਨੇ ਸਿੱਖਾਂ ਦੀ ਜੱਗ ਹਸਾਈ ਕਰਾਉਣੀ ਸ਼ੁਰੂ ਕਰ ਦਿੱਤੀ। ਆਪ ਨੇ ਉਸ ਵਕਤ ਵੀ ਤਕੜਾ ਸਟੈਂਡ ਲਿਆ ਤੇ 'ਰੋਜ਼ਾਨਾ ਅਜੀਤ' ਵਿੱਚ ਬੜੇ ਭਾਵੁਕ ਲੇਖ ਲਿਖ ਕੇ ਦੋਨਾਂ ਸ਼ਖਸੀਅਤਾਂ ਨੂੰ ਪੰਥ ਤੇ ਪੰਜਾਬ ਦੇ ਭਲੇ ਹਿੱਤ ਰਲ ਕੇ ਚੱਲਣ ਦੀਆਂ ਤਕੜੀਆਂ ਅਪੀਲਾਂ ਕੀਤੀਆਂ ਜਿਸਨੂੰ ਜਨ-ਸਾਧਾਰਨ ਨੇ ਬਹੁਤ ਸਲਾਹਿਆ।

ਪੰਜਾਬੀ ਕਿਰਸਾਨੀ ਨੇ ਜਦ ਆਪਣੀ ਹੱਡ-ਹਰਾਮੀ ਦਿਖਾਉਂਦਿਆਂ ਆਪਣਾ ਸਾਰਾ ਖੇਤੀ ਕਾਰੋਬਾਰ ਪਰਵਾਸੀ ਭਈਆਂ ਦੇ ਆਸਰੇ ਛੱਡ ਦਿੱਤਾ ਤਾਂ ਕੰਵਲ ਨੇ ਪੰਜਾਬੀਆਂ ਦੇ ਕਿਰਤ ਦੇ ਸਿਧਾਂਤ ਨੂੰ ਵਿਸਾਰਨ ਦਾ ਸ਼ੀਸ਼ਾ ਵੀ ਆਪਣੇ ਵੱਡ-ਆਕਾਰੀ ਲੇਖਾਂ ਰਾਹੀਂ ਵਿਖਾਉਣ ਦੀ ਪਹਿਲ ਕੀਤੀ। ਇਹ ਕੰਵਲ ਹੀ ਸੀ ਜਿਸਨੇ ਵੀਹ ਸਾਲ ਪਹਿਲਾਂ ਹੀ ਉੱਚੀ ਸੁਰ ਵਿੱਚ ਕਹਿ ਦਿੱਤਾ ਸੀ ਕਿ ਜੇਕਰ ਪੰਜਾਬੀਆਂ ਨੇ ਮੌਕਾ ਨਾ ਸੰਭਾਲਿਆ ਤਾਂ ਪਰਵਾਸੀ ਭਈਏ ਸਾਰਾ ਲੁਧਿਆਣਾ ਸਾਂਭ ਜਾਣਗੇ। ਕੰਵਲ ਦਾ ਇਹ ਖਦਸ਼ਾ ਸ਼ਤ-ਪ੍ਰਤੀਸ਼ਤ ਸੱਚ ਸਾਬਤ ਹੋਇਆ।

ਜੇਕਰ ਪਿਛਲੀ ਸਦੀ ਦੇ ਛੇਵੇਂ-ਸੱਤਵੇਂ ਦਹਾਕੇ ਤੇ ਨਜ਼ਰ ਮਾਰੀਏ ਤਾਂ ਇੱਕ ਵਾਰ ਫੇਰ ਕੰਵਲ ਜਿਹੇ ਜੁਝਾਰੂ ਬੰਦੇ 'ਤੇ ਮਾਣ ਕਰਨ ਨੂੰ ਆਪ-ਮੁਹਾਰੇ ਦਿਲ ਕਰ ਆਉਂਦੈ। ਇਹ ਉਹ ਸਮਾਂ ਸੀ ਜਦ ਕਈ ਤਰ੍ਹਾਂ ਦੀਆਂ ਚਰਚਾਵਾਂ ਚੱਲ ਰਹੀਆਂ ਸਨ ਕਿ ਪੰਜਾਬੀ ਭਾਸ਼ਾ ਲਿਖਣ ਲਈ ਕਿਸ ਲਿਪੀ ਨੂੰ ਸਰਕਾਰੀ ਤੌਰ ਤੇ ਮਾਨਤਾ ਦਿੱਤੀ ਜਾਵੇ? ਪੰਜਾਬ ਯੂਨੀਵਰਸਿਟੀ ਵਿੱਚ ਕਰਵਾਏ ਇੱਕ ਸੈਮੀਨਾਰ ਦੌਰਾਨ ਜਦ ਡਾ. ਜੋਧ ਸਿੰਘ ਸਮੇਤ ਕੁਝ ਸੰਘੀ ਵਿਦਵਾਨ ਦੇਵਨਾਗਰੀ ਦੀ ਵਕਾਲਤ ਕਰਨ ਲੱਗੇ ਤਾਂ ਕੰਵਲ ਦੁਆਰਾ ਲਹਿਰਾਏ ਮੁੱਕੇ ਨੇ ਸਭ ਦੀ ਬੋਲਤੀ ਬੰਦ ਕਰ ਦਿੱਤੀ। ਅਗਲੇ ਦਿਨ ਦੇ ਅਖਬਾਰਾਂ ਨੇ ਇਸ ਵਿਰੋਧ ਨੂੰ ਖੂਬ ਉਛਾਲਿਆ ਤੇ ਪੰਜਾਬੀ ਭਾਸ਼ਾ ਆਪਣਾ ਖਾਸਾ ਬਚਾਉਣ ਵਿੱਚ ਕਾਮਯਾਬ ਰਹੀ।

ਨੱਬੇ ਕੁ ਸਾਲ ਦੀ ਉਮਰ ਭੋਗਣ ਤੋਂ ਬਾਦ ਕੰਵਲ ਦਾ ਸਮੁੱਚਾ ਝੁਕਾਅ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਬੁਲੰਦ ਕਰਨ ਵਾਲੇ ਪਾਸੇ ਹੋ ਗਿਆ। ਉਸਨੇ ਪੰਜਾਬੀ ਬੋਲੀ, ਪੰਜਾਬ ਦੇ ਪਾਣੀਆਂ, ਖਾਲਸੇ ਦੀ ਸਦੀਵ ਚੜ੍ਹਦੀ ਕਲਾ, ਕਿਰਤੀ ਦੀ ਕਿਰਤ ਦਾ ਢੁਕਵਾ ਮੁੱਲ ਆਦਿਕ ਵਿਸ਼ਿਆਂ ਤੇ ਜੀਅ ਭਰ ਕੇ ਲਿਖਿਆ। ਆਪਣੀ ਜ਼ਿੰਦਗੀ ਦੀਆਂ ਢਲਦੀਆਂ ਤਰਕਾਲਾਂ ਵਿੱਚ ਉਸਨੇ ਆਪਣੀਆਂ ਸਾਰੀਆਂ ਲਿਖਤਾਂ 'ਪੰਜਾਬ ਵੱਸਦਾ ਗੁਰਾਂ ਦੇ ਨਾਂ ਤੇ' ਸੰਕਲਪ ਨੂੰ ਪ੍ਰਣਾਅ ਦਿੱਤੀਆਂ। ਇਸ ਸਮੇਂ ਦੌਰਾਨ ਉਸਨੇ ਪੰਜਾਬੀਓ ਜੀਣਾ ਕਿ ਮਰਨਾ, ਕੌਮੀ ਲਲਕਾਰ, ਪੰਜਾਬ! ਤੇਰਾ ਕੀ ਬਣੂੰ, ਰੁੜ੍ਹ ਚੱਲਿਆ ਪੰਜਾਬ, ਪੰਜਾਬ ਦੀ ਵੰਗਾਰ, ਪੰਜਾਬ ਦਾ

ਹੱਕ ਸੱਚ ਆਦਿਕ ਰਚ ਕੇ ਹਰ ਸੱਚੇ ਪੰਜਾਬੀ ਨੂੰ ਰੂਹ ਤੱਕ ਝੰਜੋੜਨ ਦੀ ਕੋਸ਼ਿਸ਼ ਕੀਤੀ।

ਆਪ ਨੇ ਅੱਸੀ ਸਾਲ ਦੇ ਲਗਭਗ ਡਟ ਕੇ ਕਲਮ ਚਲਾਈ। ਉਹਨਾਂ ਨੇ ਸੌ ਸਾਲ ਦੇ ਕਰੀਬ ਭਰਵੀਂ ਤੇ ਜੁਝਾਰੂ ਜ਼ਿੰਦਗੀ ਜੀਵੀ। ਸੌ ਸਾਲ ਦੀ ਹਯਾਤੀ ਦੌਰਾਨ ਸੌ ਤੋਂ ਵੀ ਵੱਧ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ। ਉਹਨਾਂ ਦੀ ਸਵੈ ਜੀਵਨੀ 'ਪੁੰਨਿਆਂ ਦਾ ਚਾਨਣ' ਉਹਨਾਂ ਦੇ ਜੀਵਨ ਤੇ ਵਿਸਥਾਰ ਸਹਿਤ ਚਾਨਣਾ ਪਾਉਂਦੀ ਹੈ। ਉਹਨਾਂ ਦੁਆਰਾ ਰਚਿਆ ਬਾਲ ਸਾਹਿਤ ਵੀ ਬਾਲਾਂ ਤੇ ਗਭਰੇਟਾਂ ਨੂੰ ਨਵੇਂ ਉਤਸ਼ਾਹ ਨਾਲ ਲਬਰੇਜ਼ ਕਰਨ ਦੀ ਪੂਰੀ ਤੌਫੀਕ ਰੱਖਦੈ। ਹੁਨਰ ਦੀ ਜਿੱਤ, ਜੰਗਲ ਦੇ ਸ਼ੇਰ, ਸੂਰਮੇ, ਕਾਲਾ ਹੰਸ, ਝੀਲ ਦੇ ਮੋਤੀ ਆਦਿਕ ਨਾਵਲ ਆਪਣੀ ਮਿਸਾਲ ਆਪ ਨੇ।

ਕੰਵਲ ਨੇ ਕੋਈ ਵੀ ਪੁਸਤਕ ਸਿਰਫ ਲਿਖਣ ਲਈ ਹੀ ਨਹੀਂ ਲਿਖੀ ਸਗੋਂ ਉਹਨਾਂ ਦੀ ਹਰ ਪੁਸਤਕ ਲੋਕ-ਹਿੱਤੂ ਵਿਸ਼ੇ ਨਾਲ ਲਬਰੇਜ਼ ਹੋਣ ਤੋਂ ਇਲਾਵਾ ਕਲਾਤਮਕ ਪੱਖ ਤੋਂ ਆਪਣੀ ਮਿਸਾਲ ਆਪ ਹੁੰਦੀ। ਉਹਨਾਂ ਦੀ ਭਾਸ਼ਾ-ਸ਼ੈਲੀ ਦਾ ਅਰੁਕ ਵਹਾਅ ਪਾਠਕ ਨੂੰ ਆਪਣੇ ਨਾਲ ਵਹਾ ਕੇ ਲੈ ਜਾਣ ਦੀ ਸਮਰੱਥਾ ਰੱਖਦਾ। ਪੰਜਾਬੀ ਜਗਤ ਦੇ ਸੈਂਕੜੇ ਲਿਖਾਰੀਆਂ ਨੇ ਕੰਵਲ ਦੀ ਲਿਖਣ-ਸ਼ੈਲੀ ਨੂੰ ਆਪੋ-ਆਪਣੇ ਹਾਣ ਦਾ ਬਨਾਉਣ ਦੀਆਂ ਸੁਚੇਤ ਪੱਧਰ ਤੇ ਕੋਸ਼ਿਸ਼ਾਂ ਕੀਤੀਆਂ ਪਰ ਕੰਵਲ ਤਾਂ ਕੰਵਲ ਹੀ ਸੀ।

ਕੰਵਲ ਨੂੰ 'ਤੋਸ਼ਾਲੀ ਦੀ ਹੰਸੋ' ਨਾਵਲ 'ਤੇ ਭਾਰਤੀ ਸਾਹਿਤ ਅਕਾਦਮੀ ਐਵਾਰਡ ਪ੍ਰਾਪਤ ਹੋਇਆ। ਇਸਤੋਂ ਇਲਾਵਾ ਭਾਸ਼ਾ ਵਿਭਾਗ ਪੰਜਾਬ ਵੱਲੋਂ ਸ਼੍ਰੋਮਣੀ ਸਾਹਿਤ ਰਤਨ ਐਵਾਰਡ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਡੀ.ਲਿਟ ਦੀ ਡਿਗਰੀ ਨਾਲ ਵੀ ਨਿਵਾਜਿਆ ਗਿਆ। ਬੇਸ਼ੱਕ ਪੰਜਾਬੀ ਸਾਹਿਤ ਦਾ ਇਹ ਅਮੋਲਕ ਮੋਤੀ 01 ਫਰਵਰੀ 2020 ਨੂੰ ਸਾਡੇ ਤੋਂ ਸਦਾ ਲਈ ਵਿਦਾਅ ਹੋ ਗਿਐ ਪਰ ਇਸ ਜੁਝਾਰੂ ਪੰਜਾਬੀ ਬਾਬੇ ਦੁਆਰਾ ਰਚਿਆ ਅਮੋਲਕ ਸਾਹਿਤ ਸਦੀਆਂ ਤਾਈਂ ਸਮੂਹ ਪੰਜਾਬੀਆਂ ਦਾ ਰਾਹ ਰੁਸ਼ਨਾਉਂਦਾ ਰਹੇਗਾ।

98157-58466

****

ਸਫ਼ਾ 15 ਦਾ ਬਾਕੀ

ਪਰਵਾਨ ਹੁੰਦਾ ।
ਪੰਜ , ਪੰਥ ਵਿਚ ਹੈਣ ਪਰਮੰਨ ਹੋਏ ,
ਮੁੱਢ ਪੰਥ ਦਾ ਪੰਜ ਤੋਂ ਜਾਨ ਹੁੰਦਾ ।
ਪੰਜ , ਨਾਲ ਹੈ ਸਿੱਖ ਦਾ ਨੇਮ ਨਿਭਦਾ ,
ਪੰਜ ਪੜੇ ਤਾਂ ਆਤਮ ਇਸ਼ਨਾਨ ਹੁੰਦਾ ।
ਪੰਜ , ਕੋਰੇ ਘੜੋਲੇ ਤੇ ਹੱਥ ਰੱਖਣ ,
ਨੁਕਤੇ ਇਕ ਪਰ ਜਦੋਂ ਧਿਆਨ ਹੁੰਦਾ ।
ਟਿਕੀ ਸੁਰਤ ਦੇ ਨਾਲ ਇਹ ਕਾਂਖੀਏ ਜੇ ,
ਘੜਾ ਕੰਬਦਾ ਪਿਆ ਅਨੁਮਾਨ ਹੁੰਦਾ ।
ਪੰਜ , ਸ਼ਬਦ ਵਿਚ ਬੜੀ ਵਿਸ਼ੇਸ਼ਤਾ ਹੈ ,
ਇਸਦਾ ਪੂਰਾ ਨਾ ਇਥੇ ਬਿਆਨ ਹੁੰਦਾ ।
ਇਸੇ ਲਈ ਦਸਮੇਸ਼ ਨੇ ਪੰਜ ਚੁਣ ਕੇ ,
ਪੰਥ ਸਾਜਿਆ , ਪੰਜ ਮਹਾਨ ਹੁੰਦਾ ।
ਅੱਜ ਪੰਜਾਂ ਨੂੰ ਥਾਪਨਾ ਆਪ ਲਾਈ ,
ਜਦੋਂ ਵੇਖਿਆ ਅੰਤ ਨੁਕਸਾਨ ਹੁੰਦਾ ।
ਜੇਕਰ ਪੰਜ ਨਾ ਵ ਕਤਲਾਮ ਕਰਦੇ ,
ਕਾਬਜ਼ ਗੜੀ ਪਰ ਕਟਕ ਇਹ ਆਨ ਹੁੰਦਾ ।
ਪੰਜੇ ਕਰਦੇ ਨਾ ਐਡ ਬਹਾਦਰੀ ਜੇ ,
ਪੰਥ ਵਿਚ ਨਾ ਐਡ ਸਨਮਾਨ ਹੁੰਦਾ ।
ਸੰਤ ਸਿੰਘ ਸ਼ਹੀਦ ਮਨਜ਼ੂਰ ਕਰਕੇ
ਪੰਜਾਂ ਵਿਚ ਨਾ ਅੱਜ ਪਰਧਾਨ ਹੁੰਦਾ ।
ਗੜੀ ਛੱਡ ਨਾ ਫੇਰ ਦਸਮੇਸ਼ ਜਾਂਦੇ ,
ਵਾਲੀ ਪੰਥ ਦਾ ਇਥੇ ਕੁਰਬਾਨ ਹੁੰਦਾ ।
ਪੰਜਾਂ ਰੱਖ ਵਿਖਾਈ ਹੈ ਖ਼ਾਲਸੇ ਦੀ ,
ਵਰਨਾ ਮੁਲਕ ਸਾਰਾ ਮੁਸਲਮਾਨ ਹੁੰਦਾ ।
ਦੇਂਦਾ ਦਾਦ ਅੱਜ ਕੌਣ ਫਿਰ ਬੀਰਤਾ ਦੀ ,
ਦਿੱਤਾ ਪੰਥ ਨੂੰ ਸੀਸ ਨਾ ਦਾਨ ਹੁੰਦਾ ।
ਸੰਤ ਸਿੰਘ ਦੀ ਤੱਕ ਬਹਾਦਰੀ ਨੂੰ ,
ਐਸਾ ਕੌਣ ਜੋ ਨਹੀਂ ਹਰਾਨ ਹੁੰਦਾ ।
ਛਾਤੀ ਡਾਹ ਕੇ ਗੜ੍ਹੀ ਦੇ ਵਿਚ ਬੈਠਾ ,
ਧੰਨਵਾਦ ਕਿਸ ਨਾਲ ਜ਼ਬਾਨ ਹੁੰਦਾ ।
ਸੰਗਤ ਸਿੰਘ ' ਕੇਸਰੀ ਬੀਰ ਬਾਂਕਾ ,
ਸਾਕਾ ਕਰਨ , ਖ਼ਾਤਿਰ ਸਾਵਧਾਨ ਹੁੰਦਾ ।

****

ਚਲਦਾ



ਉੱਚਾ ਦਰ ਬਾਬੇ ਨਾਨਕ ਦਾ

ਹਰੀ ਰਤਨ ਯੁਕਤਾ

"ਉੱਚਾ ਦਰ ਬਾਬੇ ਨਾਨਕ ਦਾ ਇਸ ਤੋਂ ਉੱਚਾ ਦਰ ਕੋਈ ਨਹੀਂ ਹੋ ਸਕਦਾ ਕਿਉਂਕਿ ਇਥੇ ਕੋਈ ਵਹਿਮ, ਕੋਈ ਕਰਮ-ਕਾਂਡ ਤੇ ਕੋਈ ਝੂਠ ਟਿਕ ਨਹੀਂ ਸਕਦਾ ਮੀਡੀਆ ਵਿਚ ਇਕ ਸਾਹਿਬ ਨੇ ਸਵਾਲ ਕੀਤਾ ਕਿ ਪਾਕਿਸਤਾਨ ਵਿਚ ਇਸਲਾਮੀ ਸ਼ਰੀਅਤ ਲਾਗੂ ਹੋਣੀ ਚਾਹੀਦੀ ਹੈ। ਇਕ ਲੀਡਰ ਸਾਹਿਬ ਨੇ ਅੱਗੋਂ ਸਵਾਲ ਜੜ ਦਿਤਾ ਕਿ ਕਿਹੜੇ ਇਸਲਾਮ ਦੀ ਅੱਜ ਇਸਲਾਮ ਕਈ ਹਿੱਸਿਆਂ ਵਿਚ ਵੰਡਿਆ ਜਾ ਚੁੱਕਾ ਹੈ। ਸ਼ੀਆ, ਸੁੰਨੀ, ਬਾਬੀ, ਹਨਾਫ਼ੀ ਆਦਿ । ਮੈਂ ਸੁਣ ਕੇ ਸੋਚੀ ਡੁਬ ਗਿਆ, ਕੀ ਸਿੱਖ ਪੰਥ ਵੀ ਅੱਜ ਕਈ ਹਿੱਸਿਆਂ ਵਿਚ ਨਹੀਂ ਵੰਡਿਆ ਗਿਆ ? ਨਾਨਕ ਸਰੀਏ ਸਿੱਖ, ਨਾਮਧਾਰੀ, ਟਕਸਾਲਾਂ ਦੇ ਕਈ ਧੜੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਰੀਕ ਅਖੌਤੀ ਦਸਮ ਗ੍ਰੰਥ ਨੂੰ ਮੰਨਣ ਵਾਲੇ ਸਿੱਖ ॥

ਮੈਨੂੰ ਇਬਨੇ ਸ਼ਫ਼ੀ ਦਾ ਇਕ ਪੁਰਾਣਾ ਨਾਵਲ ਯਾਦ ਆ ਗਿਆ । ਇਕ ਪੁਲਿਸ ਅਫ਼ਸਰ, ਆਪਣੇ ਇਕ ਬਹੁਤ ਭਰੋਸੇਮੰਦ ਅਫ਼ਸਰ ਨੂੰ, ਇਕ ਗੈਂਗ ਨੂੰ ਫੜਨ ਲਈ, ਜੋ ਬਹੁਤ ਚਾਲਾਕ ਸੀ, ਬਾਰੇ ਸਿਖਿਆ ਲੈਣ ਲਈ ਇਕ ਪੁਰਾਣੇ ਇਨਕਲਾਬੀ ਕੋਲ ਭੇਜਦਾ ਹੈ। ਇਸ ਇਨਕਲਾਬੀ ਨੇ ਅਪਣੀ ਜ਼ਿੰਦਗੀ ਵਿਚ ਬੜੇ ਘੋਲ ਕੀਤੇ ਸਨ ਪਰ ਅਜਕਲ ਇਕ ਜਜ਼ੀਰੇ ਵਿਚ, ਮਾਯੂਸੀ ਦੇ ਆਲਮ ਵਿਚ ਗੁਮਨਾਮੀ ਦੀ ਜ਼ਿੰਦਗੀ ਬਸਰ ਕਰ ਰਿਹਾ ਸੀ ਅਤੇ ਆਪਣੀ ਜ਼ਿੰਦਗੀ ਨੂੰ ਸ਼ਰਾਬ ਵਿਚ ਗ਼ਰਕ ਕੀਤਾ ਹੋਇਆ ਸੀ। ਉਹ ਇਨਕਲਾਬੀ ਉਸ ਪੁਲਿਸ ਕਰਮਚਾਰੀ ਨੂੰ ਉਸ ਮੁਜਰਮ ਗੈਂਗ ਨੂੰ ਫੜਨ ਲਈ ਲੋੜੀਂਦੀ ਸਿਖਿਆ ਦਿੰਦਾ ਹੈ। ਉਹ ਇਨਕਲਾਬੀ ਗੱਲਾਂ ਕਰਦੇ ਹੋਏ ਉਸ ਪੁਲਿਸ ਅਧਿਕਾਰੀ ਨੂੰ ਕਹਿੰਦਾ ਹੈ ਕਿ

" ਮੈਂ ਵੇਖਿਆ ਹੈ ਕਿ ਜੋ ਅੱਜ ਮਜ਼ਲੂਮ ਹੈ, ਉਹ ਲੋਕਾਂ ਦੇ ਸੰਘਰਸ਼ ਨਾਲ , ਜਿਸ ਵਿਚ ਸਾਡੇ ਵਰਗੇ ਕਈ ਬੰਦਿਆਂ ਨੇ ਆਪਣੀਆਂ ਜਾਨਾਂ ਦੀ ਸ਼ਹਾਦਤ ਦਿਤੀ ਹੁੰਦੀ ਹੈ , ਉਸ ਨੂੰ ਰਾਜਗੱਦੀ ਮਿਲਦੀ ਹੈ ਪਰ ਉਹੀ ਮਜ਼ਲੂਮ ਜਿਹੜਾ ਪਹਿਲਾਂ ਇਨਸਾਫ਼ ਅਤੇ ਕਾਨੂੰਨ ਦੀ ਦੁਹਾਈ ਦੇ ਰਿਹਾ ਸੀ, ਇਨਸਾਫ਼ ਅਤੇ ਕਾਨੂੰਨ ਨੂੰ ਛਿੱਕੇ। ਟੰਗ ਕੇ ਲੋਕਾਂ ਅਤੇ ਦੂਜੀ ਧਿਰ ਤੋਂ ਪਹਿਲੇ ਹਾਕਮਾਂ ਨਾਲੋਂ ਵੀ ਜ਼ਿਆਦਾ ਜ਼ੁਲਮ ਕਰਨਾ ਸ਼ੁਰੂ ਕਰ ਦਿੰਦਾ ਹੈ। ਉਹ ਇਹ ਵੀ ਕਹਿੰਦਾ ਹੈ ਕਿ ਇਹੀ ਕਾਰਨ ਹੈ ਕਿ "ਕਲ ਦਾ ਜਾਨ ਤੇ ਖੇਡਣ ਵਾਲਾ ਇਨਕਲਾਬੀ ਅੱਜ ਦੁਨੀਆਂ ਤੋਂ ਮਾਯੂਸ ਹੋ ਕੇ ਇਸ ਜਜ਼ੀਰੇ ਵਿਚ ਅਪਣੀ ਜ਼ਿੰਦਗੀ ਨੂੰ ਸ਼ਰਾਬ ਵਿਚ ਗਰਕ ਕਰ ਰਿਹਾ ਹੈ।

ਪਰ ਸਾਰੇ ਇਨਕਲਾਬੀ ਅਜਿਹੀਆਂ ਗੱਲਾਂ ਵੇਖ ਕੇ ਮਾਯੂਸ ਹੋ ਕੇ ਕਿਸੇ ਟਾਪੂ ਵਿਚ ਨਹੀਂ ਬੈਠ ਜਾਂਦੇ। ਉਹ ਆਖ਼ਰੀ ਸਵਾਸ ਤਕ ਸੰਘਰਸ਼ ਕਰਦੇ ਰਹਿੰਦੇ ਹਨ । ਕਈਆਂ ਦੀ ਮਿਹਨਤ ਦਾ ਫੁੱਲ ਉਨ੍ਹਾਂ ਦੇ ਜੀਵਨ ਤੋਂ ਮਗਰ ਲੋਕਾਂ ਨੂੰ ਮਿਲਦਾ ਹੈ ਅਤੇ ਕਈ ਆਪਣੇ ਜੀਵਨ ਵਿਚ ਹੀ ਅਪਣੇ ਸੁਪਨੇ ਸਾਕਾਰ ਹੋਏ ਵੇਖਦੇ ਹਨ। ਯਸੂ ਅਤੇ ਸੁਪਵਾਰ ਦੀ ਮਿਹਨਤ ਦਾ ਫੁੱਲ ਲਰ ਨੇ ਉਨ੍ਹਾਂ ਨੂੰ ਦਿਤੇ ਗਏ ਮਿਤੁ ਵੰਡ ਮਗਰੋਂ ਪ੍ਰਾਪਤ ਕੀਤਾ ਜਦਕਿ ਮੁਹੰਮਦ ਅਤੇ ਨਾਨਕ ਵਰਗਿਆਂ ਨੇ ਅਪਣੇ ਜੀਵਨ ਵਿਚ ਹੀ ਆਪਣੇ ਸੁਪਨੇ ਸਾਕਾਰ ਕੀਤੇ । ਸਪੋਕਸਮੈਨ ਦੇ ਮੁੱਖ ਸੰਪਾਦਕ ਜੋਗਿੰਦਰ ਸਿੰਘ, ਬੀਬੀ ਜਗਜੀਤ ਕੌਰ ਸਪੋਕਸਮੈਨ ਲੇਖਕ ਲੱਖਾਂ ਅਣਗਿਣਤ ਤਸੀਹਿਆਂ, ਦੁੱਖਾਂ ਅਤੇ ਤਕਲੀਫ਼ਾਂ ਦੇ ਬਾਵਜੂਦ ਅੱਜ ਵੀ ਚਟਾਨ ਵਾਦਾਰ ਖੜੇ ਹਾਲਾਤ ਦਾ ਮੁਕਾਬਲਾ ਕਰ ਰਹੇ ਹਨ ਅਤੇ ਅੱਗੇ ਵੱਧ ਰਹੇ ਹਨ । ਪੁਜਾਰੀਆਂ ਦੇ ਅਖ਼ਬਾਰ ਦੇ

ਬਾਕੀ ਸਫਾ 44 ਤੇ

ਫਰਵਰੀ ਅੰਕ ਤੋਂ ਅੱਗੇ-ਕਿਸ਼ਤ 3



ਭਾਈ, ਸਿਰਦਾਰ, ਕਿ ਸੰਤ............?

ਪ੍ਰੋ: ਇੰਦਰ ਸਿੰਘ ਘੱਗਾ

ਸੰਤ + ਭਗਤ : **ਭਲੋ ਕਬੀਰ ਦਾਸ ਦਾਸਨ ਕੋ, ਉਤਮ ਸੈਨ ਜਨ ਨਾਈ ॥ ਊਚ ਤੇ ਊਚ ਨਾਮ ਦੇਉ ਸਮਦਰਸੀ, ਰਵਿਦਾਸ ਠਾਕੁਰ ਬਣਿ ਆਈ ॥ ਜੀਉ ਪਿੰਡ ਤਨੁ ਧਨੁ ਸਾਧਨ ਕਾ ਇਹੁ ਮਨੁ ਸੰਤ ਰੇਨਾਈ ॥ "ਸੰਤ" ਪ੍ਰਤਾਪਿ ਭਰਮ ਸਭਿ ਨਾਸੇ , ਨਾਨਕ ਮਿਲੇ ਗੁਸਾਈ ॥** (1208) ਹੇ ਭਾਈ ! ਕਬੀਰ ਭਲਾ ਇਨਸਾਨ, ਨਿਮਰਤਾ ਵਿੱਚ ਰਹਿੰਦਾ ਹੈ। ਸੈਨ ਨਾਈ ਬਹੁਤ ਉੱਤਮ ਜੀਵਨ ਵਾਲਾ ਹੈ । ਉਚਿਆਂ ਤੋਂ ਉਚ ਜੀਵਨ ਵਾਲਾ ਨਾਮਦੇਵ ਹੈ, ਜਿਸ ਦੀ ਪਰਮੇਸ਼ਰ ਨਾਲ ਇਕਸੁਰਤਾ ਬਣੀ ਹੋਈ ਹੈ। ਮੇਰੀ ਜਾਨ, ਮੇਰਾ ਸਰੀਰ ਅਜਿਹੇ ਸੰਤਾਂ ਦੀ ਸੇਵਾ ਵਿੱਚ ਹਾਜ਼ਰ ਹੈ। ਅਜਿਹੇ ਸੰਤ ਪੁਰਖਾਂ ਦੀ ਮੈਂ ਆਪਣੇ ਆਪ ਨੂੰ ਚਰਨ ਧੂੜੀ ਜਾਣਦਾ ਹਾਂ। ਅਜਿਹੇ ਸੰਤਾਂ ਦੀ ਕਿਰਪਾ ਸਦਕਾ ਸਾਡੇ ਸਾਰੇ ਭਰਮ ਨਾਸ ਹੋ ਗਏ। ਇਨ੍ਹਾਂ ਦੀ ਬਦੌਲਤ ਪਰਮੇਸ਼ਰ ਨਾਲ ਮਿਲਾਪ ਹੋ ਗਿਆ ।

ਸੰਤ + ਸਿੱਖ : **"ਸੰਤ ਜਨਹੁ ਮਿਲਿ ਭਾਈਹੋ, ਸਚਾ ਨਾਮੁ ਸਮਾਲਿ॥**

ਤੋਸਾ ਬੰਧਹੁ ਜੀਅ ਕਾ ਐਥੇ ਓਥੈ ਨਾਲਿ॥

"ਗੁਰ ਪੂਰੇ ਤੇ ਪਾਈਐ ਅਪਣੀ ਨਦਰਿ ਨਿਹਾਲ॥ (39)

ਹੇ ਭਾਈ ਗੁਰਸਿੱਖੋ ! ਮਿਲ ਕੇ ਚਲ, ਗੁਰੂ ਦੇ ਹੁਕਮ ਦੀ ਪਾਲਣਾ ਕਰੋ। ਇਸ ਗੁਰੂ ਦੇ ਗਿਆਨ ਨੂੰ ਜੀਵਨ ਸਫਰ ਲਈ ਪਦਾਰਥ ਜਾਣਕੇ, ਨਾਲ ਬੰਨ੍ਹ ਲਉ। ਅਜਿਹਾ ਜੀਵਨ ਦਾਨ ਦੇਣ ਵਾਲਾ ਖਜ਼ਾਨਾ ਪੂਰੇ ਗੁਰੂ ਤੋਂ ਹੀ ਪ੍ਰਾਪਤ ਹੋ ਸਕਦਾ ਹੈ। ਸੰਤ + ਠੱਗ : **ਹਿਰਦੈ ਜਿਨ ਕੈ ਕਪਟ ਹੈ ਬਾਹਰੋ " ਸੰਤ ਕਹਾਹਿ** ॥

ਤ੍ਰਿਸ਼ਨਾ ਮੂਲਿ ਨ ਚੂਕਈ ਅੰਤਿ ਗਏ ਪਛੁਤਾਹਿ ॥ (391) ਹੇ ਭਾਈ ! ਜਿਨ੍ਹਾਂ ਦੇ ਹਿਰਦੇ ਅੰਦਰ ਖੋਟ ਹੈ, ਧੋਖਾ ਫਰੇਬ ਹੈ। ਬਾਹਰੋਂ ਸੰਤਗਿਰੀ ਵਾਲਾ ਭੇਖੀ ਬਾਣਾ ਪਾਇਆ ਹੋਇਆ ਹੈ। ਅਜਿਹੇ ਲੋਕ ਲਾਲਚ ਵਿੱਚ ਸੇ ਹੋਏ ਮਾਇਆ ਕਾਰਨ ਧਾਰਮਕ ਪਹਿਰਾਵੇ ਨਾਲ ਲੋਕਾਂ ਨੂੰ ਲੁੱਟਦੇ ਹਨ। ਪਤਾ ਲੱਗਣ ਤੇ ਮੂੰਹ ਵਿਖਾਣ ਜੋਗੇ ਨਹੀਂ ਰਹਿੰਦੇ। ਫਿਰ ਪਛਤਾਵੇ ਦੇ ਹੰਝੂ ਬਹਾਉਂਦੇ ਹਨ। ਗਜ ਸਾਢੇ ਤੈ ਤੈ ਧੋਤੀਆਂ, ਤਿਹਰੇ ਪਾਇਨਿ ਤਗ॥

ਗਲੀ ਜਿਨਾ ਜਪਮਾਲੀਆ ਲੋਟੇ ਹਥਿ ਨਿਬਗ॥

ਓਇ ਹਰਿ ਕੇ "ਸੰਤ" ਨ ਆਖੀਐ ਬਾਨਾਰਸ ਕੇ ਠਗ ॥ (476) ਹੇ ਭਾਈ ! ਸੋਹਣੀਆਂ ਸਫੈਦ ਧੋਤੀਆਂ (ਜਾਂ ਸੁੰਦਰ ਚੋਲੇ) ਪਾਈਆਂ ਹੋਣ । ਤਿੰਨ ਲੜੀਏ ਸੁੰਦਰ ਜਨੇਊ (ਭਾਵੇਂ ਕਿਰਪਾਨਾਂ) ਪਹਿਨੇ ਹੋਣ। ਹੱਥਾਂ ਵਿੱਚ ਲਿਸ਼ਕਦੇ ਲੋਟੇ ਗੜਵੇ ਫੜੇ ਹੋਣ। ਵੇਖਣਾ ਕਿਤੇ ਗ਼ਲਤੀ ਨਾਲ ਇਨ੍ਹਾਂ ਨੂੰ ਸੰਤ ਪੁਰਖ ਨਾ ਸਮਝ ਲੈਣਾ। ਇਹ ਤਾਂ ਬਨਾਰਸੀ ਠੱਗ ਹਨ। ਹੁਣ ਤਾਂ ਅੱਗੋਂ ਇਹ ਵਿਅੰਗ ਭੀ ਪ੍ਰਚਲਤ ਹੋ ਗਏ ਹਨ : "ਇਹ ਗੁਰ ਕੇ ਸਿੱਖ ਨਾ ਆਖੀਐ , ਹਰਿਮੰਦਰ ਕੇ ਠੱਗ"। (ਲੋਕੋਕਤੀ) ਭਾਈ ਗੁਰਦਾਸ ਜੀ ਤੋਂ ਪੁੱਛੀਏ ਕਿ ਗੁਰਮਤਿ ਵਿੱਚ ਸਾਧ ਸੰਤ ਦੀ ਕੀ ਹੈਸੀਅਤ ਹੈ ਜੀ ? ਥੰਮੇ ਕੋਇ ਨ ਸਾਧ ਬਿਨੁ ਸਾਧ ਨ ਦਿਸੈ ਜਗਿ ਵਿਚ ਕੋਆ ॥ ਧਰਮ ਧਉਲੁ ਪੁਕਾਰੈ ਤਲੈ ਖੜੋਆ ॥ (ਵਾਰ 1 ਪਉੜੀ 22)

ਪੰਚ ਬਾਰ ਗੰਗ ਜਾਏ, ਬਾਰ ਪੰਚ ਪਾਗ ਨਾਏ, ਤੈਸਾ ਪੁੰਨ ਏਕ ਗੁਰਸਿਖ ਕਉ ਨਵਾਏ ਕਾ॥

ਸਿੱਖ ਕਉ ਪਿਲਾਏ ਪਾਨੀ, ਭਾਉ ਕਰਿ ਕੁਰਖੇਤ,

ਅਸਮੇਧ ਜਗ ਫਲ, ਸਿਖ ਕਉ ਜਿਵਾਏ ਕਾ॥

ਜੈਸੇ ਸਤ ਮੰਦਰ ਕੰਚਨ ਕੇ ਉਸਾਰ ਦੀਨੇ।

ਤੈਸਾ ਪੁੰਨ ਸਿਖ ਕਉ ਇਕ ਸਬਦ ਸਿਖਾਏ ਕਾ॥

ਜੈਸੇ ਬੀਸ ਬਾਰ ਦਰਸ਼ਨ ਕੀਆ ਸਾਧ ਕਾਹੂ,

ਤੈਸਾ ਫਲ ਸਿਖ ਕਉ ਚਾਪ ਪਗ ਸੁਆਏ ਕਾ ॥ (673)

ਉੱਚ ਕੋਟੀ ਦੇ ਵਿਦਵਾਨ ਭਾਈ ਗੁਰਦਾਸ ਜੀ ਸਮਝਾ ਰਹੇ ਹਨ। ਹੇ ਭਾਈ ! ਪੰਜ ਸਤ ਵਾਰੀ ਜੇ ਗੰਗਾ ਦਾ ਇਸ਼ਨਾਨ ਕਰਨਾ ਹੋਵੇ। ਕਈ ਵਾਰੀ ਪਰਾਗ ਤੀਰਥ ਦਾ ਇਸ਼ਨਾਨ ਕਰਨ ਦਾ ਮਨ ਹੋਵੇ। ਇਨ੍ਹਾਂ ਨਾਲੋ ਵੱਧ ਕੇ ਇੱਕ ਪਰਉਪਕਾਰੀ ਗੁਰਸਿੱਖ ਦਾ ਇਸ਼ਨਾਨ ਕਰਵਾ ਦੇਵੀਂ, ਵਧ ਮਹਾਤਮ ਮਿਲੇਗਾ । ਕੁਰੁਕਸ਼ੇਤਰ ਵਿੱਚ ਸੂਰਜ ਗ੍ਰਿਹਣ ਸਮੇਂ ਲੋਕੀਂ ਜੋ ਦਾਨ ਆਦਿ ਕਰਦੇ ਹਨ। ਉਸ ਤੋ ਵੱਧ ਫਲ ਸਿੱਖ ਨੂੰ ਜਲ ਛਕਾਏ ਦਾ ਮਿਲਦਾ ਹੈ। ਲੋ ਅਤੀ ਖਰਚੀਲਾ ਕੰਮ ਅਸਵਮੇਧ ਜੱਗ ਕਰਦੇ ਹਨਉਸ ਦੇ ਮਹਾਤਮ ਤੋਂ ਵੱਧ ਫਲ ਸਿੱਖ ਨੂੰ ਪ੍ਰਸ਼ਾਦਾ ਛਕਾਉਣ 'ਤੇ ਮਿਲੇਗਾ। ਜੇ ਕਰ ਤੂੰ ਸੋਨੇ ਦੀ ਕਈ ਮਹਿਲ ਉਸਾਰ ਦੇ ਦਾਨ ਕਰ ਦੇਵੇ ਇਸ ਤੋਂ ਭੀ ਵੱਡਾ ਮਹਾਤਮ ਗੁਰਸਿੱਖ ਨੂੰ ਗੁਰਬਾਣੀ ਸਿਖਾ ਦੇਣ ਵਿੱਚ ਹੈ। ਅਣਗਿਣਤ ਵਾਰੀ ਕੋਈ ਮਨੁੱਖ, ਸਾਧਾਂ ਸੰਤਾਂ ਦੇ ਦਰਸ਼ਨ ਕਰੇ , ਸੇਵਾ ਕਰਦਾ ਰਹੇ ਇਸ ਨਾਲੋਂ ਕਿਤੇ ਜ਼ਿਆਦਾ ਮਹਾਤਮ, ਗੁਰਸਿਖ ਨੂੰ ਵਿਸ਼ਰਾਮ ਕਰਾਉਣਾ, ਮੁੱਠੀ ਚਾਪੀ ਕਰਨੀ ਕਿਤੇ ਵੱਧ ਕੇ ਹੈ। ਇਥੇ ਇਹ ਧਿਆਨ ਰਹੇ ਕਿ ਪਰਉਪਕਾਰੀ ਗੁਰਸਿੱਖਾਂ ਦੀ ਸੇਵਾ ਵੱਲ ਪ੍ਰੇਰਨਾ ਹੈ। ਬਾਹਰੀ ਪਹਿਰਾਵੇ ਕਰ ਕੇ ਵਿਹਲੜ ਸਿੱਖਾਂ ਦੀ ਸੇਵਾ ਦੀ ਗੱਲ ਨਹੀਂ ਹੈ। ਗੁਰਮੁਖ ਜਾਂ ਗੁਰਸਿੱਖ ਦਾ ਮਤਲਬ ਹੀ ਏਹ ਹੈ ਕਿ ਅਜਿਹੇ ਨਾਮ ਵਾਲਾ ਵਿਅਕਤੀ ਨਿੱਜ ਤੋਂ ਉੱਪਰ ਉੱਠ ਚੁੱਕਿਆ ਹੈ। ਸਾਰੇ ਲੋਕ ਉਸ ਦੇ ਆਪਣੇ ਹਨ।

"ਗੁਰੂ" ਲਈ ਹੋਰ ਬਹੁਤ ਸਾਰੇ ਸ਼ਬਦ ਵਰਤੇ ਗਏ ਹਨ, ਆਉ ਉਨ੍ਹਾਂ ਵੱਲ ਭੀ ਸਰਸਰੀ ਜਿਹੀ ਨਜ਼ਰ ਮਾਰੀਏ । ਅਪਨੇ 'ਜਨ ਕਾ ਪਰਦਾ ਢਾਕੈ ॥ ਅਪਨੇ 'ਸੇਵਕ' ਦੀ ਸਰਪਰ ਰਾਖੈ ॥ ਅਪਨੇ 'ਦਾਸ' ਕਉ ਦੇਇ ਵਡਿਆਈ ॥ ਅਪਨੇ "ਸੇਵਕ' ਕਉ ਨਾਮੁ ਜਪਾਈ ॥ (285)

ਉਪਰਲੀਆਂ ਪੰਕਤੀਆਂ ਵਿੱਚ 'ਜਨ, ਸੇਵਕ ਤੇ ਦਾਸ", ਗੁਰੂ ਵਾਸਤੇ ਆਇਆ ਹੈ । ਪਰ ਤਰੀਕਾ ਵੱਖੋ ਵੱਖਰਾ ਹੈ । ਹੋਰ ਵੇਖੋ : ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ "ਓਇ ਰਾਮ ਨਾਮ ਰੰਗਿ ਰਾਤੇ ॥ 'ਤਿਨ' ਕੀ ਸੋਭਾ ਸਭਨੀ ਥਾਈ'ਜਿਨ੍' ਪ੍ਰਭ ਕੇ ਚਰਣ ਪਰਾਤੇ

ਮੇਰੇ ਰਾਮ ਹਰਿ "ਸੰਤਾ ਜੇਵਡ ਨ ਕੋਈ ॥ 'ਭਗਤਾ' ਬਣਿ ਆਈ ਪ੍ਰਭ ਅਪਨੇ ਸਿਉ, ਜਲਿ ਥਲਿ ਮਹੀਅਲਿ ਸੋਈ ॥ (748) ਇਨ੍ਹਾਂ ਪੰਕਤੀਆਂ ਵਿੱਚ ਭੀ ਨਾਂਵ ਅਤੇ ਪੜਨਾਂਵ ਦੀ ਵਰਤੋਂ ਕਰਦਿਆਂ ਸਤਿਗੁਰੂ ਜੀ ਨੇ "ਓਇ, ਤਿਨ, ਜਿਨ, ਸੰਤ ਤੇ ਭਗਤ ਸ਼ਬਦ ਗੁਰੂ ਵਾਸਤੇ ਵਰਤਿਆ ਹੈ। ਇੰਨੀਆਂ ਖੂਬੀਆਂ ਕੇਵਲ ਗੁਰੂ ਵਿੱਚ ਹੀ ਹੋ ਸਕਦੀਆਂ ਹਨ। ਇਨ੍ਹਾਂ ਸਾਰੀਆਂ ਪੰਕਤੀਆਂ ਵਿੱਚੋ ਡੇਰੇਦਾਰ ਲੋਕਾਂ ਨੇ ਗੁਰੂ ਦੀ ਬਰਾਬਰੀ ਕਰਨ ਲਈ , "ਸੰਤ" ਸ਼ਬਦ ਆਪਣੇ ਨਾਮ ਨਾਲ ਫਿੱਟ ਕਰ ਲਿਆ। ਜਨ ਦਾਸ ਸੇਵਕ ਭਗਤ ਚੰਗੇ ਨਹੀਂ ਲੱਗੇ, ਭਲਾ ਕਿਉਂ ? ਹਿੰਦੂ ਸਮਾਜ ਵਿੱਚ ਸਾਧ ਸੰਤ ਸ਼ਬਦ ਸਦੀਆਂ ਤੋਂ ਪੂਜਾ ਦੀ ਹੱਦ ਤੱਕ ਮੰਨਣਯੋਗ ਚਲਿਆ ਆ ਰਿਹਾ ਹੈ। ਇਨ੍ਹਾਂ ਲੋਕਾਂ ਨੇ ਸਿੱਖ ਸਮਾਜ ਨੂੰ ਲੁੱਟ ਕੇ ਭੀ ਖਾਣਾ ਹੈ ਤੇ ਬ੍ਰਾਹਮਣੀ ਦਲ - ਦਲ ਵਿੱਚ ਪੀ ਗਰਕ ਕਰਨਾ ਹੈ। ਇਸੇ ਲਈ ਆਪਣੇ ਨਾਵਾਂ ਨਾਲੋਂ ਸਿੱਖ ਸ਼ਬਦ ਤਿਆਗ ਕੇ ਸੰਤਪੁਣੇ ਦਾ ਲੇਬਲ ਲਾਉਂਦੇ ਹਨ। ਗੁਰੂ ਸਾਹਿਬਾਨ ਅਤੇ ਬਾਣੀ ਰਚੇਤਾ ਭਗਤਾਂ ਨੇ ਨਿਮਰਤਾ ਵਿੱਚ ਆਪਣੇ ਆਪ ਨੂੰ "ਨੀਚ, ਕੀਟ, ਮੂਰਖ, ਗਵਾਰ, ਕੂਕਰ ਆਦਿ ਭੀ ਲਿਖਿਆ ਹੈ। ਫਿਰ ਉਹ ਪਰਮਾਣ ਅਖੌਤੀ ਸੰਤ ਕਿਉਂ ਨਹੀਂ ਆਪਣੇ ਨਾਮ ਨਾਲ ਲਿਖਦੇ? ਆਓ ਇਸ ਤਰ੍ਹਾਂ ਦੇ ਪਰਮਾਣ ਪੜੀਏ : **ਨਾਨਕ "ਨੀਚੁ" ਕਹੈ ਵੀਚਾਰੁ ॥ ਵਾਰਿਆ ਨ ਜਾਵਾ ਏਕ ਵਾਰ ॥** (ਜਪੁ-4)

ਨੀਚ ਨਾਨਕ ਇਉਂ ਵਿਚਾਰ ਕੇ ਦਸ ਰਿਹਾ ਹੈ। ਪਰਮਾਤਮਾ ਦੀਆਂ ਦਾਤਾਂ ਲਈ ਵਾਰਨੇ ਨਹੀਂ ਜਾਇਆ ਜਾ ਸਕਦਾ।

ਕਬੀਰ ਕੂਕਰ ਰਾਮ ਕੋ ਮੁਆ ਮੇਰੋ ਨਾਉ ॥ ਗਲੇ ਹਮਾਰੇ ਜੇਵਰੀ ਜਹ ਖਿੰਚੈ ਤਹ ਜਾਉ ॥ (1368)

ਇਸ ਸਲੋਕ ਵਿੱਚ ਕਬੀਰ ਜੀ ਖੁਦ ਲਈ ਕੂਕਰ (ਕੁੱਤਾ) ਸ਼ਬਦ ਦੀ ਵਰਤੋਂ ਕਰਦੇ ਹਨ। ਆਪਣੇ ਗਲ ਵਿੱਚ ਰੱਸੀ ਪਈ ਹੋਈ ਲਿਖਦੇ ਹਨ। ਕੀ ਅੱਜ ਵਾਲੇ ਡੇਰੇਦਾਰ 'ਸੰਤ' ਸ਼ਬਦ ਨੂੰ ਤਿਆਗ ਕੇ ਆਪਣੇ ਨਾਮ ਨਾਲ ਕੂਕਰ ਸ਼ਬਦ ਲਿਖਣਾ ਪ੍ਰਵਾਨ ਕਰਨਗੇ? ਕਬੀਰ "ਕੂਕਰ" ਭਉਕਨਾ, ਕਰੰਗ ਪਿਛੈ ਉਠਿ ਧਾਇ॥

ਕਰਮੀ ਸਤਿਗੁਰੁ ਪਾਇਆ, ਜਿਨਿ ਹਉ ਲੀਆ

ਛਡਾਇ ॥ (1375)

ਇਸ ਸਲੋਕ ਵਿੱਚ ਕਬੀਰ ਜੀ ਸਮਝਾਉਂਦੇ ਹਨ ਕਿ ਮੈਂ ਮਨ ਕਰ ਕੇ ਕੂਕਰ (ਕੁੱਤਾ) ਵਾਂਗ ਹਾਂ । ਪਰ ਸਤਿਗੁਰੂ ਨੇ ਕਿਰਪਾ ਕਰ ਕੇ ਉਸ ਬੁਰੀ ਬਿਰਤੀ ਤੋਂ ਬਚਾ ਲਿਆ।

ਮੈ ਮੂਰਖ ਕੀ ਕੇਤਕ ਬਾਤ ਹੈ, ਕੋਟਿ ਪਰਾਧੀ ਤਰਿਆ ਰੇ॥ ਗੁਰੂ ਨਾਨਕ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ ॥ (612)

ਸਤਿਗੁਰੂ ਜੀ ਆਪਣੇ ਆਪ ਨੂੰ ਇਥੇ ਮੂਰਖ ਕਹਿ ਰਹੇ ਹਨ। ਸਿੱਖਾਂ ਨੂੰ ਪਤਾ ਹੈ ਕਿ ਸਾਹਿਬ ਜੀ ਬਹੁਤ ਮਹਾਨ ਸਨ, ਇਹ ਨਿਮਰਤਾ ਦਾ ਢੰਗ ਹੈ। ਪਰ ਕੀ ਸਾਧ ਲਾਣਾ ਇਸ ਮੂਰਖ ਸ਼ਬਦ ਦੀ ਵਰਤੋਂ, ਲਿਖਤ ਰੂਪ ਵਿੱਚ ਆਪਣੇ ਨਾਵਾਂ ਨਾਲ ਕਰ ਸਕੇਗਾ ? ਇੱਕ ਹੋਰ ਸ਼ਬਦ ਜੋ ਅਤੀ ਤਾੜਨਾ ਭਰਿਆ ਹੈ, ਸਤਿਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਉਪਰ ਢੁਕਾ ਕੇ ਲਿਖਿਆ ਹੈ । ਪੜ੍ਹੋ : ਏਕੁ ਸੁਆਨੁ ਦੁਇ ਸੁਆਨੀ ਨਾਲਿ ॥ ਭਲਕੇ ਭਉਕਹਿ ਸਦਾ ਬਇਆਲਿ ॥ ਕੂੜੁ ਛੁਰਾ, ਮੁਠਾ ਮੁਰਦਾਰੁ ॥ ਧਾਣਕ ਰੂਪਿ ਰਹਾ, ਕਰਤਾਰ ॥ ਮੈ ਪਤਿ ਕੀ ਪੰਦ, ਨ ਕਰਣੀ ਕੀ ਕਾਰ ॥ ਹਉ ਬਿਗੜੈ ਰੂਪਿ ਰਹਾ , ਬਿਕਰਾਲ ॥ ਤੇਰਾ ਏਕੁ ਨਾਮੁ, ਤਾਰੇ ਸੰਸਾਰੁ॥ ਮੈ ਏਹਾ ਆਸ, ਏਹੋ ਆਧਾਰੁ ॥ ਰਹਾਉ॥

ਮੁਖਿ ਨਿੰਦਾ, ਆਖਾ ਦਿਨੁ ਰਾਤਿ॥ ਪਰ ਘਰੁ ਜੋਹੀ, ਨੀਚ ਸਨਾਤਿ॥ ਕਾਮੁ ਕ੍ਰੋਧੁ ਤਨਿ ਵਸਹਿ ਚੰਡਾਲ॥ ਧਾਣਕ ਰੂਪਿ ਰਹਾ , ਕਰਤਾਰ॥

ਫਾਹੀ ਸੁਰਤਿ, ਮਲੂਕੀ ਵੇਸੁ ॥ ਹਉ ਠਗਵਾੜਾ, ਠਗੀ ਦੇਸੁ ॥ ਖਰਾ ਸਿਆਣਾ, ਬਹੁਤਾ ਭਾਰੁ ॥ ਧਾਣਕ ਰੂਪਿ ਰਹਾ, ਕਰਤਾਰ ॥ ਮੈ ਕੀਤਾ ਨ ਜਾਤਾ, ਹਰਾਮਖੋਰੁ ॥ ਹਉ ਕਿਆ ਮੁਹੁ ਦੇਸਾ , ਦੁਸਟੁ ਚੋਰੁ ॥ ਨਾਨਕੁ ਨੀਚੁ , ਕਹੈ ਬੀਚਾਰੁ ॥ ਧਾਣਕ ਰੂਪਿ ਰਹਾ , ਕਰਤਾਰ ॥ (24)

ਅਤੀ ਨਿਮਰਤਾ ਵਿੱਚ ਆ ਕੇ ਸਾਰੇ ਕੁਤੱਤਣ ਵਾਲੇ ਸ਼ਬਦ ਸਤਿਗੁਰੂ ਜੀ ਨੇ ਆਪਣੇ ਆਪ ਤੇ ਢੁਕਾਏ ਹਨ। ਸੰਖੇਪ ਸਾਰ ਇਉਂ ਹੈ-ਮੇਰੇ ਅੰਦਰ ਲੋਭ ਰੂਪੀ ਕੁੱਤਾ ਹੈ। ਆਸਾ ਤ੍ਰਿਸ਼ਨਾ ਰੂਪੀ ਅੰਦਰ ਦੋ ਕੁੱਤੀਆਂ ਹਨ। ਸਵੇਰੇ ਸ਼ਾਮ ਮੈਨੂੰ ਭਉਕ ਭਉਕ ਕੇ ਕੁਰਾਹੇ ਪਾ ਦਿੰਦੀਆਂ ਹਨ। ਮਾਨ ਮੈਂ ਝੂਠ ਰੂਪੀ ਛੁਰਾ ਪਕੜਿਆ ਹੈ, ਤੇ ਪਰਾਏ ਹੱਕ ਨੂੰ ਡਕਾਰ ਰਿਹਾ ਹਾਂ। ਮੇਰੀ ਜਾਤ (ਨੀਵੇਂ ਕੰਮਾਂ ਤੇ ਨੀਵੀਂ ਸੋਚ ਕਾਰਨ) ਅਤੀ ਘਟੀਆ ਹੈ। ਮੇਰੀ ਸਮਾਜ ਵਿੱਚ ਕੋਈ ਇੱਜ਼ਤ ਨਹੀਂ ਹੈ, ਨਾ ਉਚੀ ਕਰਣੀ ਹੈ। ਇਸ ਤਰ੍ਹਾਂ ਮੇਰੀ ਸ਼ਕਲ ਸੂਰਤ ਬਿਕਰਾਲ ਰੂਪ ਧਾਰਨ ਕਰ ਗਈ ਹੈ। ਤੇਰੇ ਨਾਮ ਦਾ ਆਸਰਾ ਹੈ, ਜੋ ਸਾਰੇ ਸੰਸਾਰ ਨੂੰ ਤਾਰਨ ਦੇ ਸਮਰੱਥ ਹੈ। ਵਾਹਿਗੁਰੂ ਜੀ ! ਮੈਂ ਤੇਰੀ ਹੀ ਓਟ ਤਕਾਈ ਹੈ। ਵੈਸੇ ਮੈਂ ਨਿੰਦਾ ਭੀ ਦਿਨ ਰਾਤ ਕਰਦਾ ਹਾਂ। ਪਰਾਏ ਮਾਲ ਤੇ ਪਰਾਏ ਰੂਪ ਤੇ ਮੈਂ ਸਦਾ ਬਦ ਨਜ਼ਰ ਟਿਕਾਈ ਰੱਖਦਾ ਹਾਂ। ਕਾਮ ਤੇ ਕ੍ਰੋਧ ਮੈਨੂੰ ਚੰਡਾਲ ਵਰਗਾ ਬਣਾ ਰਹੇ ਹਨ। ਇਸੇ ਲਈ ਮੈਂ ਬਹੁਤ ਬੁਰਾ ਹਾਂ। ਮੇਰੀ ਸੁਰਤੀ ਦੂਜਿਆਂ ਨੂੰ ਫਾਹ ਲੈਣ ਲਈ ਤਿਆਰ ਹੈ। ਪਰ ਪਹਿਰਾਵਾ ਮੇਰਾ ਅਤੀ ਸੋਹਣਾ ਅਤੇ ਧਾਰਮਕ ਦਿੱਖ ਵਾਲਾ ਹੈ। ਮੈਂ ਠੱਗੀਆਂ ਮਾਰ ਕੇ ਸਭ ਨੂੰ ਲੁੱਟਣ ਦੀ ਇੱਛਾ ਰੱਖਦਾ ਹਾਂ। ਬਹੁਤ ਸਿਆਣਾ ਅਖਵਾਉਂਦਾ ਹਾਂ, ਪਰ ਪਾਪਾਂ ਦਾ ਭਾਰ ਆਪਣੇ ਉੱਤੇ ਲੱਦੀ ਜਾ ਰਿਹਾ ਹਾਂ। ਹੇ ਪਰਮੇਰ ਜੀ ! ਮੈਂ ਬਹੁਤ ਬੁਰਾ ਹਾਂ । ਮੈਂ ਕੋਈ ਚੰਗਾ ਕੰਮ ਨਹੀਂ ਕੀਤਾ। ਨਾ ਚੰਗਿਆਈ ਨੂੰ ਸਮਝਿਆ। ਨਿਰੋ ਹਰਾਮ ਖੋਰਾਂ ਵਾਲੇ ਮੇਰੇ ਕੰਮ ਹਨ। ਚੋਰਾਂ ਦੁਸ਼ਟਾਂ ਵਾਲੇ ਕੰਮ ਕਰ ਕੇ, ਮੈਂ ਤਾਂ ਮੂੰਹ ਦਿਖਾਉਣ ਜੋਗਾ ਭੀ ਨਹੀਂ ਰਿਹਾ। ਨੀਚ ਨਾਨਕ ਇਹ ਵਿਚਾਰ ਪੇਸ਼ ਕਰਦਾ ਹੈ। ਹੇ ਰੱਬ ਜੀ ! ਇਨ੍ਹਾਂ ਕਾਰਨਾਂ ਕਰ ਕੇ, ਮੈਂ ਅਤੀ ਘਟੀਆ ਜਿਹਾ ਹਾਂ । ਮਹਾਨ ਪਰਉਪਕਾਰੀ ਗੁਣਾਂ ਨਾਲ ਭਰਪੂਰ, ਰੱਬੀ ਨੂਰ ਆਦਿ ਗੁਰੂ ਨਾਨਕ ਸਾਹਿਬ ਜੀ ਆਪਣੇ ਆਪ ਨੂੰ ਕੂਕਰ (ਕੁੱਤਾ) ਝੂਠਾ , ਕਾਤਿਲ, ਪਰਾਇਆ ਹੱਕ ਖਾਣ ਵਾਲਾ, ਨੀਵੀਂ ਜਾਤ ਵਾਲਾ ਆਖ ਰਹੇ ਹਨ। ਇੱਜ਼ਤ ਤੋਂ ਸੱਖਣਾ, ਬਿਗੜੇ ਰੂਪ ਵਾਲਾ, ਨਿੰਦਕ, ਚੋਰ, ਕਾਮੀ, ਧੀ, ਸਭ ਨੂੰ ਫਾਹ ਲੈਣ ਵਾਲਾ , ਦੇਸ਼ਦੇਸ਼ਾਂਤਰਾਂ ਨੂੰ ਠੱਗ ਲੈਣ ਵਾਲਾ, ਪਾਪੀ, ਹਰਾਮਖੋਰੀਆਂ ਕਰਨ ਵਾਲਾ, ਦੁਸ਼ਟ ਭੀ ਆਪਣੇ ਆਪ ਨੂੰ ਆਖਿਆ ਹੈ। ਗੁਰਬਾਣੀ ਵਿੱਚੋਂ ਮਨਮਰਜ਼ੀ ਦੀਆਂ "ਸੰਤ ਤੇ ਬ੍ਰਹਮ ਗਿਆਨੀ" ਵਰਗੀਆਂ ਪੰਕਤੀਆਂ ਚੁੱਕ ਕੇ ਹਰ 'ਐਰਾ ਗੈਰਾ ਨੱਥੂ ਖੈਰਾ ਅਪਣੇ ਨਾਮ ਦੇ ਅੱਗੇ ਪਿੱਛੇ ਚਿਪਕਾਈ ਫਿਰਦਾ ਹੈ। ਅਖੇ ਜੀ ਗੁਰਬਾਣੀ ਵਿੱਚ ਇਹ ਸੰਤ ਆਦਿ ਪੰਕਤੀਆਂ ਸਾਡੇ ਲਈ ਹੀ ਲਿਖੀਆਂ ਹੋਈਆਂ ਹਨ। ਆਹ ਜੋ ਪੰਕਤੀਆਂ ਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਆਪ ਤੇ ਢੁਕਾ ਕੇ ਲਿਖੀਆਂ ਹਨ, ਇਨ੍ਹਾਂ ਵਿੱਚੋ

ਕੋਈ ਇੱਕ ਪੰਕਤੀ ਭੀ ਕਿਸੇ ਅਖੌਤੀ ਸੰਤ ਨੇ ਆਪਣੇ ਨਾਮ ਨਾਲ ਕਿਉਂ ਨਹੀਂ ਲਿਖੀ ? ਇਹ ਭੀ ਤਾਂ ਗੁਰਬਾਣੀ ਹੈ। ਗੁਰੂ ਜੀ ਨੂੰ ਤਾਂ ਇਸ ਤਰ੍ਹਾਂ ਲਿਖਣਾ ਬੁਰਾ ਨਹੀਂ ਲੱਗਾ। ਭਲਾ ਅੱਜ ਦੇ 'ਸੱਜਣ ਠੱਗਾਂ ਨੂੰ ਆਪਣੇ ਨਾਮ ਨਾਲ ਅਜਿਹੀਆਂ ਪੰਕਤੀਆਂ ਲਿਖਣ ਤੋਂ ਕਿਉਂ ਸ਼ਰਮ ਆਉਂਦੀ ਹੈ ? ਸੰਤ ਗਿਰੀ ਦੇ ਪਹਿਰਾਵੇ ਵਿੱਚ ਅੱਜ ਅਨੰਤ ਠੱਗ, ਚੋਰ ਪਾਪੀ, ਦੁਰਾਚਾਰੀ, ਪੰਥ ਨੂੰ ਲੁੱਟ ਕੇ ਖਾ ਰਹੇ ਹਨ । ਮਲੂਕੀ ਵੇਸ ਪਹਿਨ ਕੇ ਧਰਮ ਅਸਥਾਨਾਂ ਵਿੱਚ ਕੁਕਰਮ ਕਰ ਰਹੇ ਹਨ। ਨਿੱਤ ਝੂਠ ਬੋਲਦੇ ਹਨ, ਭਲੇ ਸ਼ਰਧਾਲੂਆਂ ਨੂੰ ਕੁਰਾਹੇ ਭੀ ਪਾਉਂਦੇ ਹਨ , ਦੋਹੀਂ ਹੱਥੀਂ ਲੁੱਟ ਭੀ ਕਰਦੇ ਹਨ। ਸਿੱਖ ਪੰਥ ਵਿੱਚ ਭਾਈ ਸ਼ਬਦ ਬਹੁਤ ਸਤਿਕਾਰ ਵਾਲਾ ਸੀ, ਉਹ ਤਿਆਗ ਦਿੱਤਾ । ਸਰਦਾਰ ਸ਼ਬਦ ਭੀ ਮਕਬੂਲ ਹੋਇਆ ਸੀ, ਉਹ ਭੀ ਪਸੰਦ ਨਹੀਂ । ਵੱਖਰਾ ਬਾਣਾ ਪਹਿਨ ਕੇ ਡੇਰਾ, ਠਾਠ, ਟਕਸਾਲ ਬਣਾ ਕੇ "ਸੰਤ" ਬਣ ਕੇ ਆਪਣੀ ਪੂਜਾ ਕਰਵਾਈ ਜਾ ਰਹੀ ਹੈ । ਪੰਥ ਨੂੰ ਖੇਰੂੰ ਖੇਰੂੰ ਕੀਤਾ ਜਾ ਰਿਹਾ ਹੈ ਅੱਜ ਹਾਲਤ ਇਹ ਬਣ ਗਈ ਹੈ ਕਿ "ਸੰਤ ਹੋਣਾ ਇੱਕ ਚੰਗਾ ਤਕੜਾ ਵਿਉਪਾਰ ਬਣ ਚੁੱਕਿਆ ਹੈ । ਇਸ ਵਿਉਪਾਰ ਨੂੰ ਗੁਰੂ ਗ੍ਰੰਥ ਸਾਹਿਬ ਅਤੇ ਗੁਰਦਵਾਰੇ ਰਾਹੀਂ ਵਧਾਇਆ ਜਾਂਦਾ ਹੈ। ਇੱਕ ਖਾਸ ਕਿਸਮ ਦੇ ਪਹਿਰਾਵੇ ਦੁਆਰਾ "ਧਰਮੀ ਹੋਣ ਦਾ ਨਾਟਕ ਕੀਤਾ ਜਾਂਦਾ ਹੈ। ਫਿਰ ਆਮ ਨਿਮਾਣੇ ਸਿੱਖਾਂ ਦੀ ਲੁੱਟ ਕੀਤੀ ਜਾਂਦੀ ਹੈ। ਤਾਕਤਵਰ ਰਾਜਸੀ ਲੋਕਾਂ ਤੋਂ ਵੋਟਾਂ ਦੇ ਕੇ ਨੋਟ ਕਮਾਏ ਜਾਂਦੇ ਹਨ! ਸਾਂਝੀਆਂ ਜ਼ਮੀਨਾਂ ' ਤੇ ਕਬਜ਼ੇ ਕਰ ਕੇ ਗੁਰਦਵਾਰੇ ਦਾ ਬਹਾਨਾ ਲਾ ਕੇ ਆਪਣੀ ਕੋਠੀ ਤੇ ਕਈ ਸਾਰੀਆਂ ਦੁਕਾਨਾਂ ਬਣਾ ਕੇ ਕਿਰਾਏ ਤੇ ਚੜ੍ਹਾ ਦਿੱਤੀਆਂ ਜਾਂਦੀਆਂ ਹਨ। ਪੁੱਤਰ ਪੋਤਰਿਆਂ, ਸਕੇ ਸਬੰਧੀਆਂ ਦੀਆਂ ਪੁਸਤਾਂ ਦੀਆਂ ਰੋਟੀਆਂ ਖਰੀਆਂ ਕਰ ਲਈਆਂ ਜਾਂਦੀਆਂ ਹਨ। ਭਾਈ ਗੁਰਦਾਸ ਜੀ ਫੁਰਮਾਨ ਕਰਦੇ ਹਨ : ਚੰਦਨ ਕੀ ਬਾਰਿ ਜੈਸੇ ਦੀਜੀਅਤ ਬਬੂਰ ਦ੍ਰੁਮ,

ਕੰਚਨ ਸੰਪਟ ਮਧਿ ਕਾਚੁ ਗਹਿ ਰਾਖੀਐ ॥ ਜੈਸੇ ਹੰਸ ਪਾਸਿ ਬੈਠਿ ਬਾਇਸੁ ਗਰਬ ਕਰੈ , ਮ੍ਰਿਗਪਤਿ ਭਵਨ ਮੈ ਜੰਬੁਕ ਭਲਾਖੀਐ ॥ ਜੈਸੇ ਗਰਧਬ ਗਜ ਪ੍ਰਤਿ ਉਪਹਾਸ ਕਰੈ, ਚਕ੍ਵੈ ਕੋ ਚੋਰ ਡਾਂਡੇ ਦੂਧ ਮਦ ਮਾਖੀਐ ॥ ਸਾਧਨ ਦੁਰਾਇ ਕੈ, ਅਸਾਧ ਅਪਰਾਧ ਕਰੈ, ਉਲਟੀਐ ਚਾਲ ਕਲੀਕਾਲ ਭ੍ਰਮ ਭਾਖੀਐ ॥ (532)

ਹੇ ਭਾਈ ! ਜੇ ਕੋਈ ਕਿੱਕਰਾਂ ਦੇ ਬੂਟਿਆਂ ਦੀ ਰਾਖੀ ਵਾਸਤੇ ਚੰਦਨ ਦੀਆਂ ਟਾਹਣੀਆਂ ਦੀ ਵਾੜ ਕਰੇ ਤਾਂ ਮੂਰਖ ਮੰਨਿਆ ਜਾਵੇਗਾ। ਅਗਰ ਸੋਨੇ ਦੇ ਡੱਬੇ ਵਿੱਚ ਕੱਚ (ਕੱਚ ਪਿੱਲ) ਸੰਭਾਲ ਕੇ ਰੱਖ ਦੇਵੇ ਤਾਂ ਪਾਗ਼ਲ ਸਮਝਿਆ ਜਾਵੇਗਾ। ਹੰਸ ਦੇ ਕੋਲ ਬੈਠ ਕੇ ਗੰਦਗੀ ਖਾਣ ਵਾਲਾ ਕਾਂ ਆਪਣੀ ਸੁੰਦਰਤਾ ਦੀਆਂ ਡਾਂਗਾਂ ਮਾਰੇ ਤਦੋਂ ਸਾਰੇ ਉਸ ਨੂੰ ਪਾਗ਼ਲ ਹੀ ਆਖਣਗੇ। ਸ਼ੇਰ ਦੇ ਘੁਰਨੇ ਵਿੱਚ ਵੜ ਕੇ ਗਿੱਦੜ ਸ਼ੇਰ ਨੂੰ ਡਰਾਵੇ ਤਾਂ ਮਾਰਿਆ ਜਾਵੇਗਾ। ਅਗਰ ਖੋਤਾ ਹਾਥੀ ਨੂੰ ਮਜ਼ਾਕ ਕਰੇ, ਘਟੀਆ ਆਖੇ ਤਾਂ ਖਤੇ ਨੂੰ ਕੌਣ ਸਿਆਣਾ ਆਖੇਗਾ ? ਅਗਰ ਚਕਰਵਰਤੀ ਰਾਜੇ ਨੂੰ ਇਕ ਚੋਰ ਸਜ਼ਾ ਸੁਣਾਉਣ ਦੀ ਹਿਮਾਕਤ ਕਰੇ ਤਾਂ ਉਸ ਨੂੰ ਮੂਰਖ ਹੀ ਆਖਿਆ ਜਾਵੇਗਾ। ਅਗਰ ਕੋਈ ਬੰਦਾ ਦੁੱਧ ਨੂੰ ਬੁਰਾ ਆਖੇ ਤੇ ਸ਼ਰਾਬ ਦੀ ਵਡਿਆਈ ਕਰੇ ਤਾਂ ਪਾਗਲ ਹੀ ਮੰਨਿਆ ਜਾਵੇਗਾ ।

ਇਸੇ ਤਰ੍ਹਾਂ ਕੁੱਝ ਚਲਾਕ ਲੋਕ ਹੇਰਾ-ਫੇਰੀਆਂ ਨਾਲ ਧਨ ਦੌਲਤ ਅਤੇ ਰਾਜਸੀ ਤਾਕਤ ਹਾਸਲ ਕਰ ਲੈਂਦੇ ਹਨ। ਸੰਤਪੁਣੇ ਦੇ ਚੋਲੇ ਪਹਿਨ ਲੈਂਦੇ ਹਨ। ਡੇਰੇ ਠਾਠਾਂ ਟਕਸਾਲਾਂ ਉਸਾਰ ਲੈਂਦੇ ਹਨ। ਧਰਮ ਦੀ ਆੜ ਵਿੱਚ ਫਿਰ ਵਿਭਚਾਰ ਕਰਦੇ ਹਨ। ਅਯਾਸ਼ ਬਣ ਜਾਂਦੇ ਹਨ। ਜਾਇਦਾਦ ਵਾਸਤੇ ਕਤਲ ਕਰਦੇ ਹਨ । ਮਾਨੋ ਜ਼ਮਾਨੇ ਦੀ ਚਾਲ ਹੀ ਉਲਟੀ ਹੋ ਗਈ ਹੈ । ਬਚ ਇਨ੍ਹਾਂ ਧਰਮ ਦੋਖੀ ਸੰਤਾਂ ਤੋਂ । ਧਾਰਮਕ ਪਹਿਰਾਵੇ ਨਾਲ ਕੋਈ ਮਨੁੱਖ ਸੰਤ ਨਹੀਂ ਬਣ ਸਕਦਾ । ਆਪਣੇ ਪਰਉਪਕਾਰ ਅਤੇ ਸ਼ੁੱਧ ਵਰਤੋਂ ਵਿਹਾਰ ਰਾਹੀਂ ਅਸਲੀ ਸੰਤ (ਸਿੱਖ) ਬਣਿਆ ਜਾ ਸਕਦਾ ਹੈ। ਸਾਧੂਆਂ ਵਰਗੇ ਭੇਖ ਅਤੇ ਤਰੀਕੇ ਅਪਣਾ ਕੇ ਅਣਗਿਣਤ ਠੱਗ ਲੋਕ ਭੋਲੇ ਸੇਵਕਾਂ ਨੂੰ ਲੁੱਟ ਕੇ ਖਾ ਰਹੇ ਹਨ। ਜ਼ਮਾਨੇ ਦੀ ਚਾਲ ਹੀ ਉਲਟੀ ਹੋ ਗਈ ਹੈ। ਅਸਾਧ (ਪਾਪੀ) ਬੰਦੇ, ਅਖੌਤੀ ਸੰਤਤਾਈ ਰਾਹੀਂ ਵੱਡੇ ਵੱਡੇ ਅਪਰਾਧ ਕਰ ਰਹੇ ਹਨ। ਸਤਿਗੁਰੂ ਜੀ। ਗਿਆਨ ਦੀ ਹਨੇਰੀ ਵਗਾ ਦਿਓ । ਤਾਂ ਕਿ ਤੁਹਾਡਾ ਸਾਜਿਆ ਦੂਲਾ ਪੰਥ ਸ਼ਬਦ ਰਾਹੀਂ ਜੀਵਨ ਸੇਧ ਲੈਣ ਲੱਗ ਪਵੇ ।

98551-51699

****

ਕੌਮ ਦੀ ਦੁਰਦਸ਼ਾ ਹੋਣ ਦੇ ਕਾਰਨ

ਗੁਰਪ੍ਰੀਤ ਸਿੰਘ
9461671914

ਟਾਈਮ ਟੀ . ਵੀ . ਚੜ੍ਹਦੀ ਕਲਾ ' ਤੇ ਹੁੰਦੀ ਕਥਾ ਅਸੀਂ ਸਾਰੇ ਹੀ ਵੇਖਦੇ ਸੁਣਦੇ ਹਾਂ। ਪੰਜਾਬ ਤੋਂ ਆਉਣ ਵਾਲੇ ਪ੍ਰਚਾਰਕ ਸ਼ਬਦ ਦੀ ਵਿਆਖਿਆ ਕਰਦਿਆਂ ਕਈ ਤੱਥ ਸਾਹਮਣੇ ਰੱਖਦੇ ਹਨ ਕਿ ਪੰਜਾਬ ਦੇ ਕਿੰਨੇ ਪਿੰਡ ਹਨ, ਕਿੰਨੇ ਡੇਰੇ ਤੇ ਕਿੰਨੇ {ਨਕਲੀ} ਸੰਤ ਹਨ। ਸਾਰੀ ਦੁਨੀਆਂ ਵਿੱਚ ਸਿੱਖਾਂ ਦੀ ਆਬਾਦੀ ਦਿਨ-ਬ-ਦਿਨ ਘੱਟ ਹੁੰਦੀ ਜਾ ਰਹੀ ਹੈ, ਇਸ ਘੱਟ ਰਹੀ ਅਬਾਦੀ ਵਿੱਚ ਵੀ ਵਾਦ ਵਿਵਾਦ ਵੱਧਦਾ ਜਾ ਰਿਹਾ ਹੈ। ਕਿਤਾਬਾਂ ਵਿੱਚੋਂ ਉਸ ਦੀ ਭੂਮਿਕਾ ਦਾ ਜ਼ਿਕਰ ਵੀ ਕਰਦੇ ਹਨ।

ਕੌਮ ਵਿੱਚ ਜਿਸ ਤਰ੍ਹਾਂ ਦੀ ਮਾਰਾ-ਮਾਰੀ ਹੋ ਰਹੀ ਹੈ, ਉਸ ਨੂੰ ਸਭ ਵੇਖ ਹੀ ਰਹੇ ਹਨ, ਟੀ.ਵੀ. ਸਮਾਚਾਰ ਪੱਤਰਾਂ ਤੇ ਧਾਰਮਿਕ ਰਸਾਲਿਆਂ ਵਿੱਚ ਵੀ ਅਸੀਂ ਸਾਰੇ ਪੜ੍ਹਦੇ ਹੀ ਆ ਰਹੇ ਹਾਂ। ਕੋਈ ਕਿਸੇ ਨਕਲੀ ਸੰਤ ਦੇ ਡੇਰੇ ਤੁਰਿਆ ਫਿਰਦਾ ਹੈ, ਤੇ ਕੋਈ ਗਿਣਤੀਆਂ ਮਿੱਥ ਕੇ ਪਾਠਾਂ (ਅਸ਼ੁੱਧ, ਬਿਨਾਂ ਲਗਾਂ-ਮਾਤਰਾਂ ਵੱਲ ਧਿਆਨ ਦਿੱਤੇ ਦੇ ਤੋਤਾ ਰਟਣ ਕਰਨ ਵਿੱਚ ਉਲਝਿਆ ਪਿਆ ਹੈ। ਕੋਈ ਤੀਰਥ-ਇਸ਼ਨਾਨ (ਜਿਸ ਨੂੰ ਗੁਰਬਾਣੀ ਵਾਧੂ ਦੇ ਕਰਮਕਾਂਡ ਦੱਸਦੀ ਹੈ, ਆਪੂੰ ਘੜੀਆਂ ਦਲੀਲਾਂ ਹੇਠ ਕਰੀ ਜਾ ਰਿਹਾ ਹੈ। ਕੋਈ ਕਿਸੇ ਜਨਮ ਅਸਥਾਨਾਂ ਕੁੱਝ ਮਨਘੜਤ) 'ਤੇ ਜਾ ਰਿਹਾ ਹੈ। ਕੋਈ ਦਸਵਾਂ ਦੁਆਰ ਲੱਭਣ ਦੀ ਕੋਸ਼ਿਸ਼ ਵਿੱਚ ਹੈ । ਕੋਈ ਵੋਟਾਂ ਖਾਤਰ ਕਿਸੇ ਦੇ ਪੈਰੀਂ ਹੱਥ ਲਾ ਰਿਹਾ ਹੈ ਤੇ ਬਹੁਤੇ ਗੁਰਬਾਣੀ ਤੋਂ ਟੁੱਟੇ, ਭੇਡ-ਚਾਲ ਵਾਂਗ, ਕੋਈ ਕੁੱਝ ਕਰ ਰਿਹਾ ਹੈ। ਕੌਮ ਜਿਸ ਦੇ ਅੰਗ ਸਮਝਦੇ ਹਨ। ਦੀ ਮਾਨੋਂ ਜਿਵੇਂ ਕਿਸੇ ਨੂੰ ਚਿੰਤਾ ਫਿਕਰ ਨਾਂ ਹੋਵੇ ਕਿ ਅਸੀਂ ਕਿਹੜੇ ਪਾਸੇ ਜਾ ਰਹੇ ਹਾਂ ? ਗੁਰਬਾਣੀ ਦਾ ਥਾਂ-ਥਾਂ ਪ੍ਰਚਾਰ ਹੋਣ ਦੇ ਬਾਵਜੂਦ ਸਥਿਤੀ ਨਿਘਾਰ ਵੱਲ ਵਧੇਰੇ ਜਾਂਦੀ ਨਜ਼ਰ ਆਉਂਦੀ ਹੈ, ਤੇ ਇਹ ਨਿਘਾਰ ਬੜੀ ਤੇਜ਼ ਰਫਤਾਰ ਨਾਲ ਵੱਧਦਾ ਨਜ਼ਰ ਆਉਂਦਾ ਹੈ। ਵਾਲਾਂ ਦਾ ਸਵਾਲ ਹੈ ਕਿ ਲੋਕ ਗੁਰਬਾਣੀ ਨਾਲੋਂ ਟੁੱਟ ਕਿਉਂ ਰਹੇ ਹਨ ? ਸਿੱਖ ਧਰਮ ਪ੍ਰਤੀ ਸਾਡੀ ਸਿੱਖਾਂ {7} ਦੀ ਆਸਥਾ ਨਾਂਹ ਦੇ ਬਰਾਬਰ ਕਿਉਂ ਹੁੰਦੀ ਜਾ ਰਹੀ ਹੈ? ਇਹ ਇਸ ਕਿਤਾਬ ਦਾ ਮੁੱਖ ਵਿਸ਼ਾ ਹੈ। ਦੁਨੀਆਂ ਵਿੱਚ ਜਿੰਨੇ ਵੀ ਮਨੁੱਖ ਹਨ, ਇਹਨਾਂ ਦੀ ਗਿਣਤੀ ਅਰਬਾਂ ਵਿੱਚ ਹੈ । 'ਜਪੁਜੀ' ਸਾਹਿਬ ਬਾਣੀ ਵਿੱਚ ਗੁਰੂ ਨਾਨਕ ਸਾਹਿਬ ਨੇ ਕਈ ਤਰ੍ਹਾਂ ਦੇ ਮਨੁੱਖਾਂ ਦਾ ਵਰਨਣ ਕੀਤਾ ਹੈ, ਉਹਨਾਂ ਦੀ ਗਿਣਤੀ ਵੀ ਭਾਵੇਂ ਅਸੰਖਾਂ ਵਿੱਚ ਦਿੱਤੀ ਗਈ ਹੈ, ਪਰ ਜੇ ਬਿਰਤੀਆਂ ਵੱਲ ਜਾਈਏ ਤਾਂ ਕੁੱਝ ਇਸੇ ਤਰ੍ਹਾਂ ਹੀ ਨਜ਼ਰ ਪੈਂਦੀ ਹੈ। ਇਸੇ ਤਰ੍ਹਾਂ ਹੀ ਸੁਖਮਨੀ ਸਾਹਿਬ ਵਿੱਚ ਵੀ ਹੈ । ਜੇ ਗੌਰ ਨਾਲ ਵੇਖਿਆ ਜਾਵੇ ਤਾਂ ਉਹ ਵੀ ਘੱਟ ਨਿਕਲੇਗੀ। ਮੈਂ ਜਿੰਨ੍ਹਾਂ ਬਿਰਤੀਆਂ ਦਾ ਜ਼ਿਕਰ ਕੀਤਾ ਹੈ, ਉਹਨਾਂ ਵਿਚੋਂ ਕੇਵਲ ਚੰਦ ਬਿਰਤੀਆਂ ਦਾ ਜ਼ਿਕਰ ਕਰਨਾਂ ਹੈ। ਮੈਂ ਸੂਝਵਾਨ ਲੇਖਕਾਂ / ਪਾਠਕਾਂ ਕੋਲੋਂ ਮਾਫੀ ਮੰਗਦਾ ਹਾਂ, ਹੋ ਸਕਦਾ ਹੈ ਕਿ ਕੋਈ ਇਹਨਾਂ ਨਾਲ ਸਹਿਮਤ ਨਾਂ ਹੋਵੇ ਤੇ ਜ਼ਿਆਦਾ ਬਿਰਤੀਆਂ ਦਾ ਜ਼ਿਕਰ ਕਰ ਦਵੇ ਜਿੰਨਾਂ ਕੁ ਮੈਂ ਸੋਚ ਸਕਿਆ ਹਾਂ, ਉਸ ਦੇ ਮੁਤਾਬਕ ਹੀ ਗੱਲ ਕਰਨੀ ਹੈ । ਹਕੀਕਤ ਤੋਂ ਮੂੰਹ ਮੋੜਨਾਂ ਕੋਈ ਅਕਲਮੰਦੀ ਨਹੀਂ ਕਹੀ ਜਾ ਸਕਦੀ। ਸੰਸਾਰ ਵਿੱਚ 8 (ਅੱਠ) ਤਰ੍ਹਾਂ ਦੇ ਮਨੁੱਖ ਹਨ।

1. ਨਿਰੋਲ ਸੁਆਰਥੀ, 2. ਜੋ ਸੁਆਰਥੀ ਹਨ ਤੇ ਵਿਖਾਵੇ ਦੇ ਧਰਮੀ ਵੀ, 3. ਮਨੁੱਖਤਾ ਦੀ ਸੇਵਾ ਕਰਨ ਵਾਲੇ ਨਿਰੋਲ ਸੁਆਰਥ-ਮੁਕਤੇ ਲੋਕ, 4. ਸੁਆਰਥ ਤੇ ਸੇਵਾ ਹੀਣੇ, 5. ਜੋ ਗਲਤ ਕੰਮ ਕਰਨ ਵਾਲਿਆਂ ਨੂੰ ਰੋਕਦੇ ਹਨ (ਅਸਲ ਸੇਵਾ ਵਾਲੇ ਤੇ ਧਰਮੀ ਮਨੁੱਖ) 6. ਜਿੰਨ੍ਹਾਂ ਨੂੰ ਕਿਸੇ ਨਾਲ ਕੋਈ ਗਰਜ਼ ਨਹੀਂ 'ਸੁਥਰਾ ਘੋਲ ਪਤਾਸੇ ਪੀਵੇ' ਵਾਲੇ 7. ਤਮਾਸ਼ਬੀਨ, ਪਰ ਅੰਦਰਖਾਤੇ ... ਚਾਲਾਂ ਚੱਲਣ ਵਾਲੇ ਲੋਕ, ਅਤੇ 8.

ਆਪਣੀ ਆਪਣੀ ਡੱਫਲੀ ਵਜਾਉਣ ਵਾਲੇ

ਨਿਰੋਲ ਸੁਆਰਥੀ - ਜਿੰਨ੍ਹਾਂ ਦਾ ਧਰਮ ਨਾਲ ਕੋਈ ਸਰੋਕਾਰ ਨਹੀਂ ਹੈ। ਨਾਂ ਹੀ ਉਹ ਧਰਮ ਦਾ ਮਤਲਬ ਸਮਝਣਾਂ ਚਾਹੁੰਦੇ ਹਨ ਕਿ, 'ਧਰਮ' ਕੀ ਹੁੰਦਾ ਹੈ? ਮਨੁੱਖ ਨੂੰ ਧਰਮ ਦੀ ਕੀ ਲੋੜ ਹੈ? ਉਹਨਾਂ ਲਈ ਆਪਣੇ ਸਵਾਰਥ ਦੀ ਪੂਰਤੀ ਕਰਨਾਂ ਹੀ ਧਰਮ ਹੈ । ਸ਼.ਗੁ.ਪ੍ਰ. ਕਮੇਟੀ ਤੋਂ ਇਸ ਵਿੱਚ ਰੱਖੇ ਮੁਲਾਜ਼ਮ, ਛਿੱਤਰ ਪਰੇਡ ਕਰਨ ਲਈ ਰੱਖੀ ਟਾਸਕ ਫੋਰਸ, ਹੈਡ ਗਰੰਥੀ ਜਾਂ ਮੀਤ ਗਰੰਥੀ, ਤਖਤਾਂ ਦੇ ਅਖੌਤੀ ਤਬੇਦਾਰ, (ਜੋ ਨਾਨਕਸ਼ਾਹੀ ਕਲੈਂਡਰ ਨੂੰ ਰੱਦ ਕਰਦੇ ਹਨ ਤੇ ਮੰਜੀ ਸਾਹਿਬ ਤੋਂ ਗੁਰੂ ਦੇ ਉਪਦੇਸ਼ ' ਕਬੀਰ ਅਵਰਹ ਕਉ ਉਪਦੇਸਤੇ.. ॥ 1369/13 ॥ 'ਵਾਲੀ ਗੱਲ ਕਰਦੇ ਹਨ। ਧਾਰਮਿਕ ਲਿਬਾਸਾਂ ਵਾਲੇ ਕਮੇਟੀਆਂ ਦੇ ਮੁਲਾਜ਼ਮ, ਜੋ ਦੂਜਿਆਂ ਦੇ ਵਾਲ ਖਿੱਚਦੇ ਹਨ ਤੋਂ ਡਾਂਗਾ ਨਾਲ ਸੇਵਾ ਕਰਦੇ ਹਨ, ਅਜੋਕੇ ਮਹੰਤ (ਨਿਰੋਲ ਪੁਰਾਣੇ ਮਹੰਤਾਂ ਦਾ ਪੁਨਰ ਜਨਮ) ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ ॥ 269/7 ॥ "ਵੈਸੇ ਇਹ ਲੋਕ ਵੀ ਵਿਖਾਵੇ ਦੇ ਧਰਮੀ ਹੀ ਹਨ, ਕਿਓ ਕਿ ਧਾਰਮਿਕ ਆਚਰਨ ਮਨੁੱਖ ਦੇ ਅੰਦਰ ਹੈ । ਜਪੁਜੀ , ਸੁਖਮਨੀ ਸਾਹਿਬ ਤੇ ਚੌਪਈ ਦੇ 40 ਦਿਨ ਪਾਠ ਕਰਨ ਤੇ ਕਰਵਾਉਣ ਵਾਲੇ (ਕੇਵਲ ਆਪਣੀਆਂ ਮਨੋਕਾਮਨਾਵਾਂ ਪੂਰੀਆਂ ਕਰਨ ਲਈ ਕਰਦੇ ਹਨ ਤੇ ਕਰਵਾਏ ਜਾਂਦੇ ਹਨ, ਜਿਸ ਨਾਲ ਨਾਂ ਤਾਂ ਕੋਈ ਵਿਦਵਤਾ ਆਉਣ ਵਾਲੀ ਹੈ, ਨਾ ਹੀ ਕੌਮ ਦਾ ਕੁੱਝ ਸੁਧਾਰ ਹੋਣ ਵਾਲਾ ਹੈ, ਨਾ ਹੀ ਕੁੱਝ ਆਪਣਾ ਬਣਨਾ ਹੈ । (ਜੋ ਜਪੁਜੀ ਸੁਖਮਨੀ ਤੇ ਉਪਈ ਦੇ ਪਾਠ ਕਰਵਾ ਕੇ ਲੋਕਾਂ ਨੂੰ ਕੁਰਾਹੇ ਪਾ ਰਹੇ ਹਨ ਇਹ ਸੁਆਰਥੀ ਬਣਾ ਰਹੇ ਹਨ ਤੇ ਲੋਕ ਵੀ ਸੁਆਰਥੀ ਬਣਦੇ ਜਾ ਰਹੇ ਹਨ। ਗੁਰੂ ਗਰੰਥ ਸਾਹਿਬ ਜੀ ਦੀ ਸਮੁੱਚੀ ਬਾਣੀ ਭਾਲੋਂ ਤੋੜ ਕੇ ਸੁਆਰਥੀ ਤੇ ਕਰਮਕਾਂਡੀ ਬਣਾਉਣ ਵਿੱਚ ਬਹੁਤ ਵੱਡੀ ਭੂਮਿਕਾ ਨਿਭਾ ਰਹੇ ਹੈ। ਅਕਾਲ ਤਖਤ ਤੇ ਬੈਠੇ ਜਥੇਦਾਰ ਚੁੱਪ ਹਨ ਤੇ ਇਹਨਾਂ ਨੂੰ ਕਿਸੇ ਨਾਲ ਵੀ ਕੋਈ ਰਜ਼ ਨਹੀਂ ਹੈ । ਪਾਠ ਕਰਨ ਨਾਲ ਰੱਬ ਖ਼ੁਸ਼ ਹੋ ਜਾਵੇ ਤੇ ਸਾਰੀਆਂ ਸੁੱਖ ਸਹੂਲਤਾਂ ਮਿਲ ਜਾਣ, ਸੰਭਵ ਨਹੀਂ ਹੈ । ਕਿਸੇ ਵੀ ਦੇਹਧਾਰੀ ਗੁਰੂ ਕਲੋਂ 'ਨਾਮ' (?) ਲੈਣ ਵਾਲਾ ਸਿਖ ਵੀ "ਨਿਰੋਲ ਸੁਆਰਥੀ ਹੈ। ਸਿੱਖੀ ਵਿੱਚ ਬਹੁਤ ਸਾਰੇ ਅਜਿਹੇ ਵੀ ਸਿੱਖ ਹਨ,

ਜੋ ਵਿਕਾਊ ਮਾਲ ਵਾਂਝ ਵਿਕਣ ਲਈ ਸ਼ੋ ਰੂਮਾਂ ਵਿੱਚ ਤਿਆਰ ਰਹਿੰਦੇ ਹਨ, ਤੋਂ ਵਿੱਕ ਵੀ ਚੁੱਕੇ ਹਨ। ਇਹਨਾਂ ਵਿੱਚ ਹਨ, ਗੁਰਦੁਆਰਿਆਂ ਦੇ ਪ੍ਰਧਾਨਾਂ ਦੀ ਕੁਰਸੀ ਲੈਣ ਵਾਲੇ ਸਿੱਖ, ਵਜ਼ੀਰੀਆਂ ਲੈਣ ਵਾਲੇ ਸਿੱਖ, ਲੇਖਕ ਵਰਗ, ਪ੍ਰਚਾਰਕ, ਕੀਰਤਨੀਏ, ਡਾਕਟਰ, ਆਈ.ਏ.ਐਸ ਆਦਿ ਜੋ ਮੌਕੇ ਦੀ ਤਲਾਸ਼ ਵਿੱਚ ਰਹਿੰਦੇ ਹਨ ਕਿ ਕਦੋਂ ਸਾਨੂੰ ਬੁਲਾਵਾ ਆਵੇ। ਮੈਂ ਫਿਰਦਾ ਵਿਕਣ ਨੂੰ ਮੈਨੂੰ ਲੈ ਲਾ ਮੁੱਲ ਕੁੜੇ' ਵਾਲੀ ਇਹਨਾਂ ਦੀ ਸੋਚ ਬਣੀ ਰਹਿੰਦੀ ਹੈ। ਅਖੰਡ ਪਾਠ ਬੁੱਕ ਕਰਵਾਉਣ ਲਈ ਤਰੀਕਾਂ ਲੈਣੀਆਂ ਤੇ ਹੁਕਮਨਾਮਿਆਂ ਦਾ ਇੰਤਜ਼ਾਰ ਕਰਨਾਂ, ਇਸ ਨੂੰ ਸਿੱਖੀ ਨਹੀਂ ਕਿਹਾ ਜਾ ਸਕਦਾ ਹੈ । (ਨੋਟ: ਜੋ ਕਈ ਸਾਲਾਂ ਬਾਅਦ ਪਾਠ ਹੋ ਕੇ ਹੁਕਮਨਾਮਾਂ ਮਿਲ ਵੀ ਗਿਆ ਤਾਂ ਏਨੇ ਸਾਲਾਂ ਵਿੱਚ ਕੀ ਨੁਕਸਾਨ ਹੋਇਆ ਤੇ ਕੀ ਫਾਇਦਾ ਹੋਇਆ? ਹੋਏ ਨੁਕਸਾਨ ਦਾ ਦੋਸ਼ ਕਿਸ ਨੂੰ, 'ਤੇ ਹੋਏ ਵਾਇਦੇ ਦਾ ਸ਼ੁਕਰਾਨਾ ਕਿਸ ਨੂੰ ਦਿੱਤਾ ਜਾਣਾ ਚਾਹੀਦਾ ਹੈ?) ਸਵਾਲ ਪੈਦਾ ਹੁੰਦਾ ਹੈ ਕਿ ਪੁੱਤਰ ਤੇ ਕਾਰਾਂ ਮੰਗਣ ਵਾਲਾ ਧੀਆਂ ਕਿਉਂ ਨਹੀਂ ਮੰਗਦਾ? ਪੁੱਤ ਹੀ ਕਿਓਂ ਮੰਗਦਾ ਹੈ? ਇਹ ਵੀ ਸੁਆਰਥੀ ਬਿਰਤੀ ਵਾਲੇ ਹੀ ਹਨ। ਪੰਜ ਪਿਆਰਿਆਂ ਵਲੋਂ ਬੁਲਾਏ ਗਏ ਸਰਬੱਤ ਖਾਲਸਾ ਨੂੰ ਰੱਦ ਕਰਨ ਵਾਲੇ ਲੋਕ ਤੇ ਉਹਨਾਂ ਦੇ ਹੁਕਮ ਨੂੰ ਮੰਨਣ ਦੀ ਥਾਂ, ਉਨਾਂ ਨੂੰ ਹੀ {ਆਪਣੀ ਕੁਰਸੀ ਖਾਤਰ} ਅੱਖਾਂ ਵਿਖਾਉਣ ਵਾਲੇ ਸੁਆਰਥੀ ਬਿਰਤੀ ਵਾਲੇ ਹੀ ਹਨ ।

ਜੋ ਸੁਆਰਥੀ, ਤੇ ਵਿਖਾਵੇ ਦੇ ਧਰਮੀ ਹਨ - ਇਹਨਾਂ ਮਨੁੱਖਾਂ ਦੀ ਗਿਣਤੀ ਸੱਭ ਤੋਂ ਜ਼ਿਆਦਾ ਹੈ। ਇਹ ਲੋਕ, ਧਰਮ ਤੇ ਨਿੱਜੀ ਸੁਵਾਰਥ ਦੋਹਾਂ ਨੂੰ ਆਪਣੇ ਨਾਲ ਚੁੱਕੀ ਫਿਰਦੇ ਹਨ। ਇਹਨਾਂ ਦੀ ਗਿਣਤੀ ਕਰਨੀ ਬਹੁਤ ਔਖੀ ਹੈ। ਇਹਨਾਂ ਦੀ ਗਿਣਤੀ 1% ਤੋਂ ਲੈ ਕੇ 99% ਤੱਕ ਬਣਦੀ ਹੈ। ਫਰਕ ਕੇਵਲ ਏਨਾਂ ਹੈ, ਕਿਸੇ ਵਿੱਚ 1% ਸੁਆਰਥ ਹੈ ਤੇ 99% ਸੇਵਾ ਹੈ ਤੇ ਕਿਸੇ ਵਿੱਚ 99%

ਸੁਆਰਥ ਹੈ ਤੇ1% ਸੇਵਾ ਹੈ। ਜੇ ਇਸ ਅਨੁਪਾਤ ਨੂੰ ਵਧਾਇਆ ਜਾਵੇ ਤਾਂ ਹੌਲੀ-ਹੌਲੀ ਵੱਧਦੀ-ਘੱਟਦੀ 50 % ਤੱਕ ਆ ਜਾਵੇਗੀ। ਜੋ ਕੁੱਝ ਅਸੀਂ ਮੌਜੂਦਾ ਮਾਹੌਲ ਵਿੱਚ ਵੇਖਦੇ ਹਾਂ, ਉਹ ਇਸੇ ਹੀ ਅਨੁਪਾਤ ਦੇ ਲੋਕ ਹਨ, ਜਿਨ੍ਹਾਂ ਨੇ ਗੁਰਮਤਿ ਦੇ ਸਿਧਾਂਤਾਂ ਨੂੰ ਰੱਲ-ਗੱਡ ਕੀਤਾ ਹੈ ਤੇ ਕਰ ਰਹੇ ਹਨ ਪਰ ਸਾਰਾ ਦੋਸ਼ 1% ਤੋਂ ਲੈ ਕੇ 99% ਵਾਲੇ ਲੋਕਾਂ ਦਾ ਹੀ ਹੈ। ਇਹਨਾਂ ਵਿੱਚ ਵਾਦ-ਵਿਵਾਦ ਖੜੇ ਕਰਨ ਵਾਲੇ ਲੇਖਕ ਗੁਰਦੁਵਾਰਿਆਂ ਦੇ ਪ੍ਰਧਾਨ ਸੈਕਟਰੀ ਤੋਂ ਆਪਣੀ ਚੌਧਰ ਦੇ ਭੁੱਖੇ ਹੋਰ ਬਹੁਤ ਸਾਰੇ ਲੋਕ ਵੀ ਹਨ। ਗੁਰਦੁਆਰਿਆਂ ਦੀਆਂ ਕਮੇਟੀਆਂ ਤੇ ਇਹਨਾਂ ਦਾ ਸ਼ੁਰੂ ਤੋਂ ਹੀ ਕਬਜ਼ਾ ਹੈ । ਧਰਮੀ ਨਾ ਹੋਣ ਕਰਕੇ ਹੀ ਤਾਂ ਨਾਨਕਸ਼ਾਹੀ ਕਲੈਂਡਰ ਰੱਦ ਕੀਤਾ ਗਿਆ ਹੈ ਤੇ ਪੰਜ ਪਿਆਰਿਆਂ ਵਲੋਂ ਜਥੇਦਾਰਾਂ ਤੇ ਕਮੇਟੀ ਨੂੰ ਰੱਦ ਕਰਨ ਦਾ ਫੈਸਲਾ ਸੁਆਰਥੀ ਤੇ ਵਿਖਾਵੇ ਦੇ ਧਰਮੀ ਬੰਦਿਆਂ ਦਾ ਹੀ ਕੰਮ ਹੈ । ਰਹਿਤ ਮਰਿਆਦਾ ਨੂੰ ਲਾਗੂ ਨਾ ਕਰਨਾ ਤੇ ਉਸ ਨੂੰ ਛਪਣ ਨਾ ਦੇਣਾ, ਉਹਨਾਂ ਰਚਨਾਵਾਂ ਨੂੰ ਪੜੀ ਜਾਣਾ, ਜੋ ਦਸਵੇਂ ਗੁਰੂ ਦੀ ਕ੍ਰਿਤ ਨਹੀਂ ਹਨ, ਉਹਨਾਂ ਦੇ ਨਾਮ ਹੇਠ ਛਪਣ ਕਰਕੇ ਪੜ੍ਹੀਆਂ ਜਾ ਰਹੀਆਂਹਨ । ਇਹਨਾਂ ਰਚਨਾਵਾਂ ਨੂੰ ਪੜ੍ਹਨ ਵਾਲੇ, ਕਥਾ ਤੇ ਕੀਰਤਨ ਕਰਨ ਵਾਲੇ ਵੀ ਹਨ। ਇਹਨਾਂ ਨੂੰ ਭੇਟਾ ਤੇ ਸਿਰੋਪਿਆਂ ਨਾਲ ਮਤਲਬ ਹੈ, ਸਮਝ ਨਾਲ ਨਹੀਂ ਕਿ ਕੌਮ ਦਾ ਕੀ ਨੁਕਸਾਨ ਹੋਰਿਹਾ ਹੈ? ਕਿਸੇ ਗੈਰ ਸਿੱਖ ਨੂੰ ਸਵੈਯੇ ਪੜ੍ਹਨ ਦੀ ਚਿੱਠੀ ਦੇਣੀ, ਬਕਰੇ ਝਟਕਾ ਕੇ ਉਸ ਦੇ ਖ਼ੂਨ ਨਾਲ ਸ਼ਸਤਰਾਂ ਨੂੰ ਤਿਲਕ ਕਰਕੇ ਪੂਜਾ ਕਰਨੀ, ਗੁਰੂ ਗਰੰਥ ਸਾਹਿਬ ਜੀ ਦੇ ਬਰਾਬਰ ਬਚਿੱਤਰ ਨਾਟਕ ਦਾ ਪ੍ਰਕਾਸ਼ ਕਰਨਾ, ਚੰਗੇ ਭਲੇ ਥਾਂ ਨੂੰ ਮਣਾਂ ਮੂੰਹੀਂ ਦੁੱਧ ਨਾਲ ਧੋਣਾ, (ਨਿਰੋਲ ਮਨਮਤਿ) ਇਹ ਧਰਮੀਆਂ ਦਾ ਕੰਮ ਨਹੀਂ ਹੈ। ਚਾਪਲੂਸੀਆਂ ਕਰਨ ਵਾਲੇ ਵੀ ਇਸੇ ਬਿਰਤੀ 'ਚ ਆਉਂਦੇ ਹਨ।

ਮਨੁੱਖਤਾ ਦੀ ਸੇਵਾ ਕਰਨ ਵਾਲੇ-ਤੀਜੀ ਕਿਸਮ ਦੇ ਉਹ ਲੋਕ ਹਨ, ਜੋ ਸੱਚੇ ਧਰਮੀ ਹਨ। ਉਨ੍ਹਾਂ 'ਚ ਸੁਵਾਰਥ ਨਾਮ ਦੀ ਕੋਈ ਗੱਲ ਨਹੀਂ ਹੁੰਦੀ, ਉਹਨਾਂ ਲਈ ਨਿਸ਼ਕਾਮ ਸੇਵਾ ਹੀ ਧਰਮ ਹੁੰਦਾ ਹੈ। ਸੇਵਾ ਗਰੀਬਾਂ, ਅਪਾਹਜਾਂ ਦੀ ਸਾਰ ਸੰਭਾਲ ਦੀ ਹੋਵੇ, ਦੰਗਾਈਆਂ ਤੋਂ ਨਜ਼ਾਇਜ਼ ਮਾਰੇ ਜਾਣ ਵਾਲਿਆਂ ਤੋਂ ਬਚਾਉਣ ਦੀ ਹੋਵੇ, ਗੁਰਬਾਣੀ ਨੂੰ ਸਮਝਾਉਣ ਲਈ ਉਹਨਾਂ ਦੇ ਟੀਕੇ ਕਰਕੇ ਤੇ ਕਿਤਾਬਾਂ ਲਿਖ ਕੇ (ਬਿਨਾਂ ਪੈਸਾ ਕਮਾਏ) ਕੌਮ ਤੱਕ ਪਹੁੰਚਾਉਣ ਦੀ ਹੋਵੇ, ਸਿੱਖੀ ਨੂੰ ਅੰਦਰੂਨੀ ਖਾਤੇ ਖਤਮ ਕਰਨ ਦੀਆਂ ਕੋਸ਼ਿਸ਼ਾਂ ਕਰਨ ਵਾਲਿਆਂ ਤੋਂ ਸੁਚੇਤ ਕਰਨ ਦੀ ਹੋਵੇ. ਸੇਵਾ ਹੀ ਹੁੰਦੀ ਹੈ। ਅਜਿਹੇ ਬੰਦੇ ਸੁਵਾਰਥੀ ਬਿਰਤੀ ਵਾਲਿਆਂ ਨਾਲ ਨਹੀਂ ਝਗੜਦੇ। ਉਹ ਆਪਣੇ ਕੰਮ ਪਰਮਾਤਮਾਂ ਵਲੋਂ ਸੌਂਪੀ ਗਈ ਸੇਵਾ ਨੂੰ ਮੁੱਖ ਰੱਖ ਕੇ ਪੂਰੀ ਲਗਨ ਨਾਲ ਕਰਦੇ ਹਨ, ਜਿਵੇਂ ਕਰਮ ਸਿੰਘ ਹਿਸਟੋਰੀਅਨ ਪ੍ਰੋ. ਸਾਹਿਬ ਸਿੰਘ ਜੀ (ਡੀ. ਲਿੱਟ), ਭਾਈ ਜੋਧ ਸਿੰਘ ਜੀ (ਗੁਰਪੁਰਵਾਸੀ) ਗਿਆਨੀ ਦਿੱਤ ਸਿੰਘ ਜੀ, ਗੁਰਮੁੱਖ ਸਿੰਘ ਜੀ, ਭਗਤ ਪੂਰਨ ਸਿੰਘ ਜੀ ਪਿੰਗਲਵਾੜਾ, (ਅਪਾਹਜਾਂ ਦੀ ਸੇਵਾ ਕਰਨ ਵਾਲੇ, ਅਜਮੇਰ ਸਿੰਘ, 'ਤੇ, ਜਸਵੰਤ ਸਿੰਘ ਕੰਵਲ, (ਕੌਮ ਨੂੰ ਖਤਰਨਾਕ ਚਾਲਾਂ ਤੋਂ ਸੁਚੇਤ ਕਰਨ ਵਾਲੇ ਤੇ ਸਿੱਖੀ। ਨਾਲ ਹੋ ਰਹੇ ਦੁਰਵਿਹਾਰ ਤੋਂ ਖਬਰਦਾਰ ਕਰਨ ਵਾਲੇ ਹੋਰ ਵੀ ਏਦਾਂ ਦੇ ਬਹੁਤ ਸਾਰੇ ਗੁਰਮੁੱਖ ਬਜਣ ਹਨ, ਜਿਹਨਾਂ ਬਾਰੇ ਮੇਰੇ ਕੋਲ ਜਾਣਕਾਰੀ ਨਹੀਂ ਹੈ। ਪਰ ਸਿੱਖ ਧਰਮ ਨਾਲ ਹੋ ਰਹੇ ਦੁਰਵਿਹਾਰ ਬਾਰੇ ਲਿਖ ਚੁੱਕੇ ਹਨ ਤੇ ਲਿਖਦੇ ਜਾ ਰਹੇ ਹਨ। ਸ. ਗੁਰਦੇਵ ਸਿੰਘ ਜੀ ਕਨੇਡਾ, (ਜਿਹਨਾਂ ਨੇ ਕੁੱਝ ਬਾਣੀਆਂ ਨੂੰ ਵੱਖ ਵੱਖ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਹੈ ਤੇ ਆਪਣੇ ਕੋਲੋਂ ਪੈਸੇ ਖਰਚ ਕਰਕੇ ਮੁਫਤ ਵੰਡਦੇ ਹਨ । ਕਿਸ਼ਨ ਸਿੰਘ ਜੀ ਅਸਟਰੇਲੀਆ ਜਿਹਨਾਂ ਨੇ ਸਿੱਖੀ ਸਿਧਾਂਤ ਸਮੀਖਿਆ, ਖੋਜ ਦਿਲ ਹਰ ਰੋਜ ਗੁਰ ਕੀ ਮਤਿ ਤੂੰ ਲਹਿ ਇਆਨੇ ਤੋ ਹੰਸਾ ਹੀਰਾ ਮੋਤੀ ਚੁਗਣਾ ਆਦਿ ਕਿਤਾਬਾਂ ਲਿਖੀਆਂ ਹਨ। ਬਜਰੰਗ ਸਿੰਘ ਜਿਸ ਨੇ 84 ਵਿੱਚ ਹੋਏ ਕਤਲੇਆਮ ਲਈ ਆਪਣੀਆਂ ਬੱਸਾਂ ਰਾਹੀਂ ਦਿੱਲੀ ਦੇ ਸਿੱਖਾਂ ਨੂੰ ਸੁਰੱਖਿਆ ਵਾਲੀ ਥਾਂ 'ਤੇ ਪਹੁੰਚਾ ਕੇ ਉਹਨਾਂ ਦੀ ਬਹੁਤ ਮੱਦਦ ਕੀਤੀ। ਇਹਨਾਂ ਨੂੰ ਬਾਅਦ ਵਿੱਚ ਉਸ ਸਮੇਂ ਦੀ ਸਰਕਾਰ ਵਲੋਂ ਬਹੁਤ ਤੰਗ ਕੀਤਾ ਗਿਆ ਤੇ ਇਹਨਾਂ ਦੀਆਂ ਬੱਸਾਂ ਨੂੰ ਅਗ ਲਾ ਕੇ ਸੁਵਾਹ ਕਰ ਦਿੱਤਾ ਸੀ। ਆਦਿ ਗੁਰਮੁੱਖ ਪਿਆਰੇ ਹਨ।

ਵੀ ਸੁਆਰਥ ਤੇ ਸੇਵਾ ਹੀਨ-ਚੌਥੀ ਬਿਰਤੀ ਵਾਲੇ ਉਹ ਲੋਕ ਹਨ ਜਿਹਨਾਂ ਨੂੰ ਨਾਂ ਸੇਵਾ ਨਾਲ ਮਤਲਬ ਹੈ ਤੇ ਨਾ ਹੀ ਕਿਸੇ ਆਪਣੇ ਸੁਆਰਥ ਨਾਲ। ਨਾ ਇਹਨਾਂ ਨੂੰ ਧਰਮ ਦਾ ਪਤਾ ਹੈ ਤੇ ਨਾ ਹੀ ਸੁਵਾਰਥ ਦਾ। ਇਹ ਲੋਕ ਕਿਸੇ ਦੀਆਂ ਗੱਲਾਂ ਵਿੱਚ ਨਹੀਂ ਆਉਂਦੇ । ਗੁਰਦੁਵਾਰਿਆਂ ਵਿੱਚ ਲੰਗਰ ਖਾਣ ਵਾਲੇ/ਛਬੀਲਾਂ ਵੇਲੇ ਜੱਲ ਛਕਣ ਤੇ ਛਕਾਉਣ ਵਾਲੇ, ਇਹੋ ਹੀ ਹੁੰਦੇ ਹਨ। ਸੰਖੇਪ ਵਿੱਚ 'ਤਪਾ' ਕਿਸਮ ਦੇ ਲੋਕ ਕਹਿ ਬਕਦੇ ਹਾਂ। (ਲੰਗਰ ਖਾਣ ਵਾਲੇ ਬਹੁਤੇ ਖਾਸ ਕਰਕੇ ਅਸੀਂ ਤੁਪਾ ਕਿਸਮ ਦੇ ਹੀ ਹਾ)।

ਜੋ ਗਲਤ ਕੰਮ ਕਰਨ ਵਾਲਿਆਂ ਨੂੰ ਰੋਕਦੇ ਹਨ (ਭਾਵ, ਅਸਲ ਸੇਵਾ ਕਰਨ ਵਾਲੇ ਤੇ ਧਰਮੀ ਮਨੁੱਖ} - ਪੰਜਵੀਂ ਕਿਸਮ ਦੇ ਉਹ ਲੋਕ ਹਨ ਜੋ ਦੂਜੀ (ਨੰ. 2} ਕਿਸਮ ਵਾਲਿਆਂ ਨੂੰ ਗਲਤ ਕੰਮ ਕਰਨ ਤੋਂ ਰੋਕਦੇ ਹਨ ਤੇ ਆਪ ਵੀ ਗਲਤ ਕੰਮ ਨਹੀਂ ਕਰਦੇ ਪਰ ਗਲਤ ਕੰਮ ਕਰਨ ਵਾਲੇ ਬਾਜ਼ ਨਹੀਂ ਆਉਂਦੇ ਤੇ ਆਪਣੀਆਂ ਮਨ ਮਰਜ਼ੀਆ ਲਗਾਤਾਰ ਕਰਦੇ ਰਹਿੰਦੇ ਹਨ। ਇਹਨਾਂ ਦਾ ਟਕਰਾਅ, ਦੂਜੀ ਕਿਸਮ ਦੇ ਉਹਨਾਂ ਲੋਕਾਂ ਨਾਲ ਹੁੰਦਾ ਹੈ ਜੋ ਬਾਹਰੋਂ ਧਰਮੀ ਹੁੰਦੇ ਹਨ ਤੇ ਅੰਦਰੋਂ ਸੁਵਾਰਥੀ। ਇਹਨਾਂ ਦੀ ਹਮਾਇਤ ਬਾਕੀ ਦੇ ਦੂਜੀ ਕਿਸਮ ਵਾਲੇ ਲੋਕ ਹੀ ਕਰਦੇ ਹਨ। ਦੂਜੀ ਕਿਸਮ ਵਾਲੇ ਉਹ ਲੋਕ ਹਨ ਜਿਹਨਾਂ ਵਿੱਚ ਸੁਵਾਰਥ ਹੈ, ਤੇ ਵਿਖਾਵੇ ਲਈ ਧਰਮੀ ਬਣੇ ਰਹਿੰਦੇ ਹਨ। ਅਜੋਕੇ ਅਕਾਲੀ, ਕੌਮਨਿਸਟ, ਕਾਂਗਰਸੀ ਤਨਖਾਹਦਾਰ ਗਰੰਥੀ, ਤੇ ਜਥੇਦਾਰ ਗੁਰਦੁਆਰਿਆਂ ਦੇ ਪਰਧਾਨਾਂ ਤੇ ਜਥੇਦਾਰਾਂ ਦੀ ਗਿਣਤੀ ਸਭ ਤੋਂ ਜ਼ਿਆਦਾ ਹੈ।)

ਸੁਥਰਾ ਬਿਰਤੀ (ਅਜੋਕਾ ਸੰਤ ਸਮਾਜ ਲਾਣਾਂ, ਡੇਰੇਦਾਰ ਤੇ ਸਹਿਜਧਾਰੀ) - ਛੇਵੀਂ ਕਿਸਮ ਦੇ ਉਹ ਲੋਕ ਹਨ , ਜਿੰਨ੍ਹਾਂ ਨੂੰ ਲੋਕਾਂ ਦੀਆਂ ਤਕਲੀਫਾਂ ਨਾਲ ਕੋਈ ਸਰੋਕਾਰ ਨਹੀਂ ਹੁੰਦਾ। ਇਹਨਾਂ ਦੀ ਵੀ ਕਿਸਮ ਮੈਂ ਆਪਣੀ ਪਈ ਵਾਲੀ ਹੁੰਦੀ ਹੈ। ਇਹ ਲੋਕ ਸੰਸਾਰ ਤੋਂ ਕਿਨਾਰਾ ਕਰ ਕੇ ਬਹਿ ਜਾਂਦੇ ਹਨ, ਮਿਸਾਲ ਦੇ ਤੌਰ 'ਤੇ ਪੰਜਾਬ ਅੰਦਰ ਮਾਰੇ ਗਏ ਸਿੱਖ ਕੌਮ ਦੇ ਪਰਿਵਾਰਾਂ ਨਾਲ ਕੋਈ ਹਮਦਰਦੀ ਨਹੀਂ ਰੱਖਦੇ, ਲੋਕਾਂ ਦੇ ਬੱਚਿਆਂ ਨੂੰ ਕੋਈ ਚੰਗੀ ਸਿੱਖਿਆ ਦੇਣ ਦੀ ਗੱਲ ਨਹੀਂ ਕਰਦੇ ਤੇ ਨਾਂ ਹੀ ਕਦੀ ਕੀਤੀ ਹੈ, ਨਾ ਹੀ ਕਰਨਗੇ, ਕਿਸੇ ਅਚਨ-ਅਚੇਤ ਕੌਮੀ ਮੁਸੀਬਤ ਨਾਲ ਪੀੜਤਾਂ ਦੀ ਖ਼ਬਰ-ਸਾਰ ਲੈਣ, ਕਤਲੇਆਮ ਨਾਲ ਜਾਂ ਗੁਰੂ ਸਾਹਿਬਾਨਾਂ ਦੀਆਂ ਯਾਦਗਾਰਾਂ ਨੂੰ ਢਾਹ ਦੇਣ ਵਾਲਿਆਂ ਨਾਲ ਕੋਈ ਵਿਚਾਰ ਵਟਾਂਦਰਾ ਜਾਂ ਲੁਕਵੀਂ ਜਮਾਤ ਬਾਰੇ ਜਾਣਕਾਰੀ ਲੈਣ ਦੀ ਕੋਸ਼ਿਸ਼ ਨਹੀਂ ਕਰਦੇ। ਪੰਜਾਬ ਵਿੱਚ ਮਾਰੇ ਜਾ ਰਹੇ ਸਿੱਖ ਨੌਜਵਾਨਾਂ ਨਾਲ, 1980 ਤੋਂ ਲੈ ਕੇ ਹੁਣ ਤੱਕ ਜੇਲਾਂ ਵਿੱਚ ਸੜ ਰਹੇ ਨੌਜਵਾਨਾਂ ਨਾਲ, ਇਹਨਾਂ ਨੂੰ ਕੋਈ ਮਤਲਬ ਨਹੀਂ ਹੈ। ਇਹਨਾਂ ਦੀ ਭਗਤੀ ਕੇਵਲ ਭੇਖ ਹੈ ਤੇ ਸੰਤ ਬਣ ਕੇ ਲੋਕਾਂ ਵਿੱਚ ਵਿਚਰਨਾਂ ਲੋਕਾਈ ਨੂੰ ਮੂਰਖ ਬਣਾਉਣ ਵਾਲੀ ਗੱਲ ਹੈ। ਇਹਨਾਂ ਦੀ ਹਾਲਤ ਡੇਰਿਆਂ ਅੰਦਰ ਬਹਿ ਕੇ ਲੋਕਾਂ ਨੂੰ ਭੰਬਲ-ਭੂਸੇ ਗੁੰਮਰਾਹ ਕਰਨ 'ਚ ਪਾਉਣ ਦੀ ਹੁੰਦੀ ਹੈ, ਤੇ ਸਹਿਜਧਾਰੀਆਂ ਦੀਆਂ ਵੋਟਾਂ ਲੈ ਕੇ, ਗਲਤ ਬੰਦਿਆਂ ਦੀ ਹਮਾਇਤ ਕਰਨ ਦੀ ਹੁੰਦੀ ਹੈ। ਨਾਨਕਸ਼ਾਹੀ ਕਲੈਂਡਰ ਨੂੰ ਰੱਦ ਕਰਨ ਬਾਰੇ ਸੱਭ ਤੋਂ ਵੱਧ ਰੌਲਾ ਪਾਉਣ ਵਾਲਾ ਨਕਲੀ ਸੰਤ ਲਾਣਾਂ ਜਿਹੜਾ ਮੁੱਢਲੇ ਤੌਰ 'ਤੇ ਨਾਨਕਸ਼ਾਹੀ ਕਲੈਂਡਰ ਦੇ ਹੱਕ ਵਿੱਚ ਖਲ ਨਹੀਂ ਸਕਿਆ, ਉਹ ਪੰਜਾਬ ਬਾਰੇ ਕਿਉਂ ਤੇ ਕਿਵੇਂ ਬੋਲੇਗਾ? ਸਹੀ ਅਰਥਾਂ ਵਿੱਚ ਉਹ ਸਿੱਖੀ ਭੇਸ ਵਿੱਚ ਗੁਰੂ ਘਰ ਦਾ ਹੀ ਵਿਰੋਧੀ ਹੈ । ਸਹਿਜਧਾਰੀਆਂ ਨੂੰ ਵੀ ਕਿਸੇ ਨਾਲ ਕੋਈ ਮਤਲਬ ਨਹੀਂ ਹੈ, ਕੇਵਲ ਚੌਧਰ ਦੀ ਭੁੱਖ ਹੈ ਜਾਂ ਇਉਂ ਕਹਿ ਲਓ ਕਿ ਇਲਤਿ ਕਾ ਨਾਉ ਚਉਧਰੀ ॥ 1288/4॥' ਭਾਵ ਉਹ ਲੋਕ ਜੋ ਚੌਧਰ ਕਰਦੇ ਹਨ, ਇਹ ਇਲਤਾਂ ਕਰਨ ਵਾਲੇ ਹੁੰਦੇ ਹਨ। ਇਹ ਕਿਸੇ ਦੀ ਜ਼ਿੰਦਗੀ ਵਿੱਚ ਕੋਈ ਸੁਧਾਰ ਲਿਆ ਸਕਣ, ਇਹਨਾਂ ਦੀ ਅਜਿਹੀ ਸੋਚ ਨਹੀਂ ਹੁੰਦੀ। ਸਿਵਾਏ ਮਾਇਆਧਾਰੀ ਹੋਣ ਤੋਂ ਇਲਾਵਾ ਸੁਧਾਰ ਇਹਨਾਂ ਵਿੱਚ ਵੀ ਨਹੀਂ ਆਉਂਦਾ। ਸਹਿਜਧਾਰੀ, ਸਦੀਵੀਂ ਹੀ ਸਹਿਜਧਾਰੀ ਰਹਿਣਾਂ ਚਾਹੁੰਦਾ ਹੈ ਤਾਂ ਕਿ ਨਾ, ਅੰਮ੍ਰਿਤ ਛਕਣਾ ਪਵੇ ਤੇਂ ਨਾ ਹੀ ਕੁੱਝ ਹੋਰ ਕਰਨਾ ਪਵੇ। ਜਦੋਂ ਦਾਅ ਲੱਗੇ, ਜਿਧਰ ਮਰਜ਼ੀ ਭੱਜ ਜਾਵੇ। ਪਿਛਲੀ ਸਦੀ ਦੇ ਸਹਿਜਧਾਰੀ, ਭਾਵ ਗੁਰੂ ਨਾਨਕ ਨਾਮ ਲੇਵਾ , ਆਪਣੀ

ਸੰਤਾਨ ਨੂੰ ਸਿੱਖੀ ਸਰੂਪ ਧਾਰਨ ਕਰਵਾਉਂਦੇ ਸਨ ਅਤੇ ਪੂਰੀ ਰਹਿਤ ਵਿੱਚ ਰਹਿਣ ਲਈ ਪ੍ਰੇਰਿਤ ਕਰਦੇ ਸਨ। ਡੇਰੇਦਾਰ ਵੀ ਆਪਣੀ ਡੇਰਾਵਾਦੀ ਪਰੰਪਰਾ ਨੂੰ ਚਾਲੂ ਰੱਖ ਕੇ ਆਪਣੀ ਦੁਕਾਨਦਾਰੀ ਚਲਾ ਰਹੇ ਹਨ । ਕੌਮ ਤੇ ਪੰਜਾਬ ਦੇ ਕਿਸੇ ਵੀ ਤਰ੍ਹਾਂ ਦੇ ਮਸਲੇ ਨਾਲ ਇਹਨਾਂ ਨੂੰ ਕੋਈ ਸਰੋਕਾਰ ਨਹੀਂ ਹੈ ।

ਤਮਾਸ਼ਬੀਨ ਪਰ ਅੰਦਰਖਾਤੇ ਚਾਲਾਂ ਚੱਲਣ ਵਾਲੇ ਲੋਕ - ਇਹ ਉਹ ਲੋਕ ਹੁੰਦੇ ਹਨ, ਜੋ ਬਿਆਨ ਬਾਜ਼ੀਆਂ ਦੇ ਸਹਾਰੇ ਰਿੜ੍ਹਦੇ ਹਨ। ਇਹਨਾਂ ਦੀ ਬਿਰਤੀ ਇਹ ਹੁੰਦੀ ਹੈ ਕਿ ਅਸਚਰ ਕਿਸਮ ਦਾ ਸ਼ੋਸ਼ਾ ਛੱਡ ਦਿਓ, ਵੇਖਦੇ ਹਾਂ, ਕੌਮ ਵਿੱਚ ਕੀ ਅਸਰ ਹੁੰਦਾ ਹੈ? (ਦੂਰ ਨਾ ਜਾਈਏ ਅਜਿਹੇ ਬੰਦੇ ਘਰਾਂ ਵਿੱਚ ਹੀ ਮਿਲ ਜਾਂਦੇ ਹਨ ਜੋ ਕਿਸੇ ਭੈਣ ਭਰਾ ਦੇ ਲੜਕੇ/ਲੜਕੀ ਦੇ ਵਿਆਹ ਸ਼ਾਦੀਆਂ ਲਈ ਮੱਦਦ ਕਰਨ ਵਾਲੀ ਗੱਲ ਨਹੀਂ ਕਰਦੇ ਸਗੋਂ ਤਮਾਸ਼ਬੀਨ ਹੋ ਕੇ ਵਿਚਰਦੇ ਹਨ ਕਿ ਵੇਖੀਏ ਅਗਲੇ ਦਾ ਕੰਮ ਸਾਡੇ ਬਗੈਰ ਕਿਵੇਂ ਹੁੰਦਾ ਹੈ ਜਾਂ ਉਹ ਕੋਈ ਗੱਲ ਅਜਿਹੇ ਤਰੀਕੇ ਨਾਲ ਪੁੱਛਣਗੇ ਕਿ ਵੇਖੀਏ! ਅਗਲਾ ਕੀ ਜਵਾਬ ਦਿੰਦਾ ਹੈ ਤੇ ਕਿਵੇਂ ਦਿੰਦਾ ਹੈ? ਇਹ ਤਮਾਸ਼ਬੀਨ ਤੇ ਮੱਕਾਰੀ ਨੀਤੀ ਹੈ, ਇਸ ਨੂੰ ਮਨ ਦੇ ਮੈਲੇ ਹੋਣਾ ਕਿਹਾ ਜਾਂਦਾ ਹੈ। ਮਿਸਾਲ ਦੇ ਤੌਰ ਤੇ ਦਰਬਾਰ ਸਾਹਿਬ 'ਤੇ ਹਮਲਾ ਹੋਣ ਤੋਂ ਬਾਅਦ ਇੱਲ ਬਾਰੇ ਹੀ ਪ੍ਰਚਾਰ ਕਰ ਦਿੱਤਾ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ 'ਬਾਜ਼' ਆਇਆ ਹੈ । 'ਬਾਜ਼' ਦਾ ਨਾਮ ਲੈਂਦਿਆਂ ਹੀ ਲੋਕ ਇਸ 'ਇੱਲ ਬਣੇ ਬਾਜ਼ ਨੂੰ ਵੇਖਣ ਤੁਰ ਪਏ ਸਨ। ਇੱਲ ਦਾ ਨਾਮ ਲੈਣ ਵਾਲੇ ਤੇ ਉਹਨਾਂ ਦੀ ਗੱਲ ਮੰਨਣ ਵਾਲੇ ਇਵੇਂ ਹੀ ਘੋੜਿਆਂ ਦੀ ਲਿੱਦ, ਗੁਰੂ ਗੋਬਿੰਦ ਸਿੰਘ ਦੇ ਨੀਲੇ ਘੋੜੇ ਦੀ ਅੰਸ਼) ਤਮਾਸ਼ਬੀਨਾਂ ਦੀ ਗਿਣਤੀ ਵਿੱਚ ਆਉਂਦੇ ਹਨ। ਨਿੱਤ ਨਵੇਂ ਵਿਵਾਦ ਖੜੇ ਕਰਨ ਵਾਲਾ ਤੇ ਚਿੱਕੜ ਸੁੱਟਣ ਵਾਲਾ ਲੇਖਕ ਵਰਗ ਵੀ ਇਸੇ ਸ਼੍ਰੇਣੀ ਵਿੱਚ ਆਉਂਦਾ ਹੈ। ਨਾਨਕਸ਼ਾਹੀ ਕਲੈਂਡਰ ਦਾ ਵਿਵਾਦ, ਮੌਜੂਦਾ ਰਹਿਤ ਮਰਿਆਦਾ ਨੂੰ ਰੱਦ ਕਰਨ ਦਾ ਵਿਵਾਦ, ਰਾਗਮਾਲਾ ਦਾ ਵਿਵਾਦ, ਗੁਰ-ਬਿਲਾਸ ਪਾਤਿਸ਼ਾਹੀ ਛੇਵੀਂ ਛਾਪਣ ਤੇ ਜ਼ਬਰਨ ਸਤੀ ਪੜ੍ਹਨਾ ਪੜ੍ਹਾਉਣਾ, ਬਚਿੱਤਰ ਨਾਟਕ ਨੂੰ ਦਸਮ ਗਰੰਥ ਬਣਾ ਕੇ ਗੁਰਦੁਵਾਰਿਆਂ ਵਿੱਚ ਪ੍ਰਕਾਸ਼ ਕਰਨ ਦਾ ਨਾਟਕ ਵੀ ਤਮਾਸ਼ਬੀਨਾਂ ਤੇ ਸਵਾਰਥੀ ਬਿਰਤੀ ਵਾਲਿਆਂ ਦਾ ਹੀ ਕੰਮ ਹੈ, ਕਿਸੇ ਗੁਰਮੁੱਖ ਪਿਆਰਿਆਂ ਦਾ ਨਹੀਂ। ਦਰਬਾਰ ਸਾਹਿਬ ਦੇ ਗ੍ਰੰਥੀ ਤੇ ਤਖਤਾਂ ਦੇ ਜਥੇਦਾਰ ਇਸੇ ਹੀ ਕਿਸਮ ਦੇ ਹਨ, ਭਾਵ ਤਮਾਸ਼ਬੀਨ, ਸੁਵਾਰਥੀ ਤੇ ਸੇਵਾ ਹੀਣੇ, ਜੋ ਪਦਵੀ ਦੇ ਕਾਬਲ ਵੀ ਨਹੀਂ ਹਨ । (ਵੈਸੇ ਇਹਨਾਂ ਵਿੱਚ ਸਾਰੀਆਂ ਬਿਰਤੀਆਂ ਹੀ ਸਮਾਈਆਂ ਹੋਈਆਂ ਹਨ, ਜਿਹਨਾਂ=ਮੋਟੇ ਤੌਰ ਤੇ ਬਿਨ ਪੈਂਦੇ ਦੇ ਲੋਟੇ ਕਿਹਾ ਜਾ ਸਕਦਾ ਹੈ । ਲੋਟਾ, ਇੱਕ ਤਰ੍ਹਾਂ ਦਾ ਉਹ ਭਾਂਡਾ ਹੁੰਦਾ ਹੈ ਜੋ ਥੱਲਿਓਂ ਕੁੱਝ ਕੁ ਚੌੜਾ ਤੋਂ ਉਪਰੋਂ ਲੰਮਾ ਹੁੰਦਾ ਹੈ, ਗੜਵੀ ਵਰਗਾ ਵੀ ਨਹੀਂ ਹੁੰਦਾ ਤੋਂ ਇਸ ਦਾ ਪੈਂਦਾ ਭਾਵ ਥੱਲੇ ਕੋਈ ਗੋਲ ਕੜਾ ਨਹੀਂ ਹੁੰਦਾ, ਜਿਸ 'ਤੇ ਉਹ ਟਿਕ ਸਕੇ, ਇਸ ਲਈ ਉਸ ਦਾ ਪਤਾ ਨਹੀਂ ਲੱਗਦਾ ਕਿ ਉਹ ਕਦੋਂ ਤੇ ਕਿਹੜੇ ਵੇਲੇ ਕਿਧਰ ਨੂੰ ਡਿੱਗ ਪਵੇ। 'ਬਿਨ ਪੈਂਦੇ ਕਾ ਲੋਟਾ' ਇਹ ਮੁਹਾਵਰਾ ਹਿੰਦੀ ਵਿੱਚ ਆਮ ਵਰਤਿਆ ਜਾਂਦਾ ਹੈ।)

ਧਰਮ ਕੋਈ ਵੀ ਹੋਵੇ, ਉਹ ਪੁੱਖਤਾ ਅਤੇ ਆਲਮਗੀਰੀ ਸਿਧਾਂਤਾਂ ਅਤੇ ਸਰਬੱਤ ਲੋਕਾਈ ਵਾਸਤੇ ਬਿਨਾਂ ਕਿਸੇ ਕਿਸਮ ਦੇ ਵਿਤਕਰੇ, ਇਕਸਾਰ ਅਗਵਾਈ ਅਧਾਰਤ ਸੱਚ 'ਤੇ ਚੱਲਦਾ ਹੈ, ਸਵਾਰਥ ਜਾਂ ਲੋਕਾਂ ਦੇ ਇਕੱਠ 'ਤੇ ਨਹੀਂ ਜਿੱਥੇ ਸੁਵਾਰਥ (ਅਹੁਦਿਆਂ ਤੇ ਹਊਮੈਂ-ਹੰਕਾਰ) ਆ ਗਿਆ, ਸਮਝੋ ਸਿਧਾਂਤਾਂ ਦਾ ਖਾਤਮਾਂ ਹੋ ਗਿਆ/ਮਨੁਖ ਦਾ ਆਪਣਾ ਸੁਆਰਥ ਹੀ ਧਰਮ ਤੋਂ ਡੇਗਦਾ ਹੈ ਤੇ ਫਿਰ ਲੋਕ ਕਹਿੰਦੇ ਹਨ ਕਿ, ਧਰਮ ਵਿੱਚ ਗਿਰਾਵਟ ਆ ਗਈ ਹੈ। ਧਰਮ ਵਿੱਚ ਗਿਰਾਵਟ ਕਦੀ ਨਹੀਂ ਆਉਂਦੀ, ਸਗੋਂ ਮਨੁੱਖ ਦੀ ਸੋਚ ਧਰਮ ਦੇ ਉਲਟ ਵਰਤੋਂ ਵਿਹਾਰ ਵਿੱਚ ਆਉਂਦੀ ਹੈ, ਜਿਸ ਨਾਲ ਧਰਮ ਬਦਨਾਮ ਹੁੰਦਾ ਹੈ ਤੇ ਮਨੁੱਖ ਧਰਮ ਨੂੰ ਬਦਨਾਮ ਕਰਦਾ ਹੋਇਆ ਆਪ ਸਾਫ ਬਚ ਨਿਕਲਦਾ ਹੈ।

ਚਲਦਾ

9461671914

****



ਉਠ ਪੰਥ ਖ਼ਾਲਸਾ ! ਹੋਸ਼ ਮੇਂ ਆ

ਡਾ. ਦਲਜੀਤ ਸਿੰਘ ਆਸਨਸੋਲ

ਖ਼ਾਲਸਾ ਪੰਥ ਨੂੰ ਖ਼ਤਮ ਕਰਨ ਵਾਲੇ ਕਈ ਆਏ ਅਤੇ ਕਈ ਚਲੇ ਗਏ। ਖ਼ਾਲਸਾ ਪੰਥ ਨੂੰ ਨਾ ਕੋਈ ਮਿਟਾ ਸਕਿਆ ਅਤੇ ਨਾ ਹੀ ਕਦੇ ਕੋਈ ਮਿਟਾ ਸਕੇਗਾ । ਸਿੱਖ ਵਿਰੋਧੀਆਂ ਨੇ ਹਾਰ ਨਹੀਂ ਮੰਨੀ। ਉਨ੍ਹਾਂ ਨੇ ਪੈਂਤੜਾ ਬਦਲ ਲਿਆ ਹੈ। ਉਨ੍ਹਾਂ ਨੇ ਸਿੱਖ ਇਤਿਹਾਸ, ਸਿੱਖ ਸਭਿਆਚਾਰ ਅਤੇ ਗੁਰਬਾਣੀ ਵਿਆਖਿਆ ਵਿਚ ਘੁਸਪੈਠ ਕਰ ਲਈ ਹੈ। ਇਸ ਦੇ ਨਾਲ ਹੀ ਬਹੁਤ ਸਾਰੇ ਬੁੱਧੀਜੀਵੀ ਵੀ ਪੰਥ ਨੂੰ ਸੁਚੇਤ ਕਰਦੇ ਰਹਿੰਦੇ ਹਨ। ਉਨ੍ਹਾਂ ਬੁੱਧੀਜੀਵੀਆਂ ਵਿਚ ਇਕ ਹਨ ਪ੍ਰਿੰ . ਹਰਭਜਨ ਸਿੰਘ ਜੀ ਚੰਡੀਗੜ੍ਹ ਵਾਲੇ। ਉਨ੍ਹਾਂ ਦੀ ਉਰਦੂ ਵਿਚ ਲਿਖੀ ਹੋਈ ਇਕ ਕਵਿਤਾ ਮੇਰੀ ਪੁਸਤਕ ਦੀ ਭਾਵਨਾ ਨਾਲ ਮੇਲ ਖਾਂਦੀ ਹੈ। ਹੇਠਾਂਉਨ੍ਹਾਂ ਦੀ ਬਹੁਮੁੱਲੀ ਕਵਿਤਾ ਦਿੱਤੀ ਜਾ ਰਹੀ ਹੈ ।

ਐ ਪੰਥ ਖ਼ਾਲਸਾ ਹੋਸ਼ ਮੈਂ ਆ,
ਔਰ ਨਬਜ਼ ਪਹਿਚਾਨ ਜ਼ਮਾਨੇ ਕੀ।
ਯਹਾਂ ਹਰ ਕੋਈ ਅਪਣੇ ਦਾਉ ਪੇ ਹੈ,
ਸੱਚੇ ਬਾਤ ਕਹੂੰ ਮਨ ਭਾਨੇ ਕੀ।
ਜੋ ਤੇਰਾ ਗੁਰੂ ਚੁਰਾਤੇ ਹੈਂ,
ਨਕਲੀ ਗੁਰਦਾਸ ਬਨਾ ਤੇ ਹੈਂ।
ਇਨ ਸੱਭ ਕੋ ਖੂਬ ਬੇਬਾਕੀ ਸੇ,
ਤੂਝੇ ਕਸਮ ਹੈ ਰਾਹ ਪੇ ਲਾਨੇ ਕੀ।
ਯੇਹ ਦੰਭੀ, ਲੋਭੀ, ਪਾਖੰਡੀ,
ਤੇਰੇ ਨਾਮ ਪੇ ਡਾਕਾ ਡਾਲੇ ਹੈ।
ਜ਼ੁਲਮਤ ਮੇਂ ਭੂਲੇ ਭਟਕੋਂ ਕਾ,
ਤੁਝੇ ਗਰਜ਼ ਹੈ ਰਾਹ ਰੁਸ਼ਨਾਨੇ ਕੀ।
ਜੁਰਅਤ ਕਿਉਂ ਇਨ ਕੋ ਹੋਤੀ ਹੈ,
ਹਿੰਮਤ ਕਿਉਂ ਇਨ ਕੋ ਪੜਤੀ ਹੈ?
ਕਿਉਂ ਐਸਾ ਰਾਹ ਅਪਨਾਤੇ ਹੈਂ,
ਹੈ ਬਾਤ ਤੁਝੇ ਸਮਝਾਨੇ ਕੀ।
ਤੂੰ ਕਬ ਕਾ ਸੋਇਆ ਗਫ਼ਲਤ ਮੇਂ,
ਉਠ ਜਾਗ ਖਰਾਟੇ ਮਾਰ ਨਹੀਂ।
ਬੇਤਾਬ ਹੈ ਦੁਨੀਆਂ ਸੁਨਨੇ ਕੋ,
ਰਖ ਤੜਪ ਤੂੰ ਸਾਚ ਸੁਨਾਨੇ ਕੀ।
ਜਬ ਸ਼ੇਰ ਸੇ ਜੰਗਲ ਖਾਲੀ ਹੋ,
ਯਾ ਸੋਇਆ ਸ਼ਾਹਿ-ਜੰਗਲ ਹੋ।
ਤੋ ਲੰਗੜੇ ਲੂੰਬੜ ਗੀਦੜ ਕੋ,
ਜੂਝੇ ਹੈ ਅੱਠ ਜ਼ਮਾਨੇ ਕੀ।
ਯੇਹ ਮਰਕਜ਼ ਸੇ ਜੋ ਦੂਰੀ ਹੈ,
ਕੌਮੇਂ ਕੇ ਲੀਏ ਇਕ ਮਰਨਾ ਹੈ।
ਤੇਰਾ ਮਰਕਜ਼ ਗੁਰੂ ਕੀ ਬਾਣੀ ਹੈ,
ਰੱਖ ਯਾਦ ਯੇਹ ਬਾਤ ਠਿਕਾਨੇ ਕੀ।
ਕਭੀ ਨਾਦਰ ਭੀ ਤੁਝ ਸੇ ਡਰਤਾ ਥਾ,
ਅਬਦਾਲੀ ਭੀ ਖ਼ਮ ਖਾਤਾ ਥਾ।
ਤਬ ਤੁਝ ਕੋ ਏਕ ਲਗਨ ਸੀ ਥੀ,
ਦੁਖੀਓ ਕਾ ਦਰਦ ਮਿਟਾਨੇ ਕੀ।
ਤੂੰ ਏਕ ਅਕਾਲ ਕਾ ਪੂਜਾਰੀ ਹੈ,
ਔਰ ਬਾਦਸ਼ਾਹੀ ਉਸੀ ਸੇ ਪਾਤਾ ਹੈ।
ਤੇਰੀ ਬੇਨਿਆਜ਼ੀ ਦੇਖੀ ਥੀ,
ਨਵਾਬੀ ਕੋ ਠੁਕਰਾਨੇ ਕੀ।
ਬਸ ਇਕ ਯਾਦ ਦੁਹਾਨੀ ਦੇਨੀ ਥੀ,
ਜਿਗਰੀ ਯੇਹ ਫਰਜ਼ ਨਿਭਾਨਾ ਥਾ।
ਜਾਨੇ, ਨ ਜਾਨੇ, ਤੂ ਜਾਨੇ, ਅਪਣੀ ਥੀ ਤੜਪ ਸੁਨਾਨੇ ਕੀ।

9333385185

****

ਮੇਰੀ ਨਜ਼ਰੇ ਮੇਰੇ ਪਿਤਾ: ਮਨਮੋਹਨ ਸਿੰਘ ਦਾਊਂ

-ਉੱਤਮਵੀਰ ਸਿੰਘ ਦਾਊਂ

ਮੇਰੇ ਲਈ ਮੇਰੇ ਪਿਤਾ ਸ. ਮਨਮੋਹਨ ਸਿੰਘ ਦਾਊਂ ਸਿਰਫ ਪਿਤਾ ਹੀ ਨਹੀਂ, ਦੋਸਤ, ਸੁਲਝੇ ਹੋਏ ਲੇਖਕ, ਈਮਾਨਦਾਰੀ ਦੇ ਪੁੰਜ ਅਤੇ ਗਹਿਰ-ਗੰਭੀਰ ਵਿਅਕਤਿਤਵ ਵਾਲੀ ਸ਼ਖਸ਼ੀਅਤ ਹਨ। ਇਸੇ ਕਰਕੇ ਮੈਂ ਉਨ੍ਹਾਂ ਦੀ ਹਰ ਅਦਾ ਤੇ ਗੱਲ ਦਾ ਕਾਇਲ ਹਾਂ। ਉਹ ਜਿੱਥੇ ਬੱਚਿਆਂ ਦੇ ਪੱਧਰ ਦੀ ਕਵਿਤਾ ਲਿਖਣੀ ਜਾਣਦੇ ਹਨ, ਉੱਥੇ ਪ੍ਰੌੜ, ਬੁੱਧੀਮਤਾ, ਬ੍ਰਹਿਮੰਡ ਦੇ ਭੇਦਾਂ ਅਤੇ ਮਾਨਵੀ ਸਰੋਕਾਰਾਂ ਨੂੰ ਆਪਣੀ ਸੋਚ, ਅਹਿਸਾਸ ਤੇ ਕਲਮ ਦੇ ਤੇਵਰ ਨਾਲ ਕੋਰੇ ਪੰਨਿਆਂ ਉੱਤੇ ਵੱਖਰੇ ਰੰਗਾਂ ਤੇ ਖਿਆਲਾਂ ਰਾਹੀਂ ਦ੍ਰਿਸ਼ਮਾਨ ਕਰਨਾ ਵੀ ਜਾਣਦੇ ਹਨ।

ਮੇਰੇ ਸ਼ਬਦਾਂ ਅਨੁਸਾਰ ਉਨ੍ਹਾਂ ਦੀ ਸਖਸ਼ੀਅਤ ਦਾ ਚਿੱਤਰ ਕੁਝ ਇਸ ਤਰ੍ਹਾਂ ਹੈ: ਕਦੇ ਕਦਾਈਂ ਉਨ੍ਹਾਂ ਦੀ ਚੁੱਪ 'ਖਾਮੋਸ਼ ਚਸ਼ਮਾਂ' ਬਣ ਕਈ ਕੁਝ ਕਹਿ ਜਾਂਦੀ ਹੈ। ਉਨ੍ਹਾਂ ਤਾਂ 'ਦਰਦ ਸੰਗ ਦੋਸਤੀ' ਵੀ ਸੱਚੀ ਨਿਭਾਈ ਹੈ।ਮੈਨੂੰ ਉਨ੍ਹਾਂ ਤੋਂ ਹੀ ਦੋਸਤੀ ਦੇ ਸਹੀ ਅਰਥਾਂ ਦਾ ਗਿਆਤ ਹੋਇਆ ਹੈ। ਉਨ੍ਹਾਂ ਵਲੋਂ 'ਸਭਿਆਚਾਰਕ ਮੁਹਾਂਦਰੇ' ਪੁਸਤਕ ਨੂੰ ਸਿਰਜਣਾ ਤੇ ਉਸ ਰਾਹੀਂ ਬਾਲਾਂ ਨੂੰ ਪੰਜਾਬੀ ਸੱਭਿਆਚਾਰ ਤੋਂ ਜਾਣੂ ਕਰਵਾਉਣਾ ਮੁੱਲਵਾਨ ਦਸਤਾਵੇਜ਼ ਹੈ। ਉਨ੍ਹਾਂ ਪੰਜਾਬ ਦੀ ਜ਼ਰਖੇਜ਼ ਮਿੱਟੀ ਤੇ ਪੰਜਾਬ ਦੇ ਲੋਕਾਂ ਵਲੋਂ ਹੰਢਾਏ ਕਾਲੇ ਦਿਨਾਂ ਦੀ ਦਾਸਤਾਨ ਨੂੰ 'ਮਿੱਟੀ ਦਾ ਰੁਦਨ' ਰਾਹੀਂ ਪੇਸ਼ ਕਰਦਿਆਂ ਆਪਣੇ ਸੂਖਮ ਭਾਵਾਂ ਨੂੰ ਬੇਬਾਕੀ ਦਾ ਜਾਮਾ ਪਹਿਨਾਉਂਦਿਆਂ ਬੇਖੌਫ ਹੋ ਕੇ ਵਿਅਕਤ ਕੀਤਾ, ਜਦੋਂ ਕਿ ਉਸ ਸਮੇਂ ਗਰਮਖਿਆਲੀ ਲੇਖਕਾਂ ਦੀ ਕਲਮ ਨੇ ਖੌਰੇ ਕਿਸ ਡਰੋਂ ਚੁੱਪ ਵੱਟੀ ਰੱਖੀ? ਮੇਰੀ ਜਾਚੇ ਉਹ ਤਾਂ 'ਰਾਤਾਂ ਪ੍ਰਭਾਤਾਂ' ਦੇ ਕਰਮਸ਼ੀਲ ਯੋਗ ਹਨ, ਜੋ ਹਨੇਰੇ 'ਚ ਟਿਮਟਿਮਾਉਂਦੇ ਜੁਗਨੂੰਆਂ ਤੇ ਤਾਰਿਆਂ ਦੀ ਲੋਅ ਨਾਲ ਗੱਲਾਂ ਕਰਦੇ ਹੋਏ, ਘੁਰਚਿਰੀ ਨੀਂਦ 'ਚ ਸੁਪਨ ਦੇਸ਼ ਦਾ ਹੁਲਾਰਾ ਮਾਣ ਕੇ ਫੇਰ ਤੋਂ ਸੂਰਜ ਦੀਆਂ ਕਿਰਨਾਂ 'ਚ ਕਲਮ ਰਾਹੀਂ ਸ਼ਬਦਾਂ ਨੂੰ ਚਿਤਰਣ ਲਈ ਤਪੱਸਵੀਆਂ ਵਾਂਗ ਆਪਣੇ ਆਸਣ 'ਤੇ ਜਾ ਬਿਰਾਜਦੇ ਹਨ। ਉਨ੍ਹਾਂ ਦਾ ਇਹੋ ਸਿਰੜ ਤੇ ਦ੍ਰਿੜ੍ਹ ਇਰਾਦਾ ਮੇਰੇ ਲਈ ਵੀ ਜ਼ਿੰਦਗੀ 'ਚ ਕੁਝ ਕਰ ਗੁਜ਼ਰਨ ਦਾ ਜ਼ਰੀਆ ਬਣਦਾ ਹੈ।

ਭਾਵੇਂ ਕਿ ਉਹ ਗਾਹੇ-ਬਗਾਹੇ ਜਦੋਂ ਵੀ ਸਮਾਂ ਮਿਲਦਾ ਤਾਂ ਗੁਰਬਾਣੀ ਦਾ ਪਾਠ ਕਰ ਲੈਂਦੇ ਸੀ, ਪਰ ਡੇਢ ਕੁ ਦਹਾਕਾ ਪਹਿਲਾਂ ਉਨ੍ਹਾਂ ਨੇ ਮੇਰੀ ਮਾਤਾ ਦਲਜੀਤ ਕੌਰ ਦਾਊਂ ਦੇ ਆਖਣ ਉੱਤੇ ਨਿੱਠ ਕੇ ਗੁਰਬਾਣੀ ਦਾ ਅਧਿਐਨ ਕਰਨਾ ਸ਼ੁਰੂ ਕੀਤਾ। ਗੁਰਬਾਣੀ ਦੇ ਤੱਤਸਾਰ ਨੂੰ ਸਮਝਿਆ, ਇਕੋ ਸ਼ਬਦ ਦੇ ਵੱਖ-ਵੱਖ ਥਾਈਂ ਬਦਲਦੇ ਅਰਥਾਂ ਤੋਂ ਜਾਣੂ ਹੁੰਦਿਆਂ ਕੁਦਰਤ ਨਾਲ ਸਾਂਝ ਪਈ। ਉਨ੍ਹਾਂ ਵਲੋਂ ਸਿਰਜੀ 'ਅਗੰਮ ਅਗੋਚਰ' ਪੁਸਤਕ ਗੁਰਬਾਣੀ ਵਿੱਚ ਕੀਤੇ ਕੁਦਰਤ ਵਰਣਨ ਅਤੇ ਹਰ ਵਸਤੂ ਵਿੱਚ ਪ੍ਰਮਾਤਮਾ, ਜੋ ਅਨੰਦ ਹੈ, ਨੂੰ ਉਜਾਗਰ ਕਰਦੀ ਹੈ। ਉਨ੍ਹਾਂ ਦੀ 'ਸ਼ਾਇਰੀ ਦਾ ਸਰਵਰ' ਪੁਸਤਕ ਵਿਚਲੀ ਕਵਿਤਾ ਜ਼ਿੰਦਗੀ ਦੇ ਵੱਖ-ਵੱਖ ਪਹਿਲੂਆਂ ਨੂੰ ਬਿਆਨਦੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸ਼ਾਇਰੀ ਤਾਂ ਸਰੋਵਰ ਦੀ ਤਰ੍ਹਾਂ ਹੈ। ਇਸੇ ਕਰਕੇ ਮੈਨੂੰ ਮਹਿਸੂਸ ਹੁੰਦਾ ਹੈ ਕਿ ਉਨ੍ਹਾਂ ਦੇ ਵਿਚਾਰ ਮੁੱਢ ਤੋਂ ਹੀ ਸਰੋਵਰ ਦੇ ਨਿਰਮਲ ਪਾਣੀ ਵਾਂਗ ਸਾਫ ਤੇ ਸ਼ੁੱਧ ਹਨ। ਇਹੋ ਝਲਕ ਉਨ੍ਹਾਂ ਦੀ ਸਮੁੱਚੀ ਕਵਿਤਾ ਵਿਚੋਂ ਵੀ ਲਿਸ਼ਕਾਂ ਮਾਰਦੀ ਹੈ। ਇਸੇ ਤੋਰੇ ਤੁਰਦਿਆਂ ਉਨ੍ਹਾਂ ਨੇ ਪੁਸਤਕ 'ਸ਼ਾਇਰੀ ਸਾਗਰ' ਰਚੀ। ਇਸ ਵਿਚਲੀ ਕਵਿਤਾ ਮਨੁੱਖ ਦੀ ਮਾਨਵਵਾਦੀ ਪਹੁੰਚ, ਸਮਾਜਿਕ ਸਰੋਕਾਰਾਂ, ਦਾਰਸ਼ਨਿਕਤਾ ਤੇ ਰਹੱਸਵਾਦ ਨੂੰ ਪ੍ਰਣਾਈ ਹੋਈ ਹੈ। ਇਸ ਕਵਿਤਾ ਰਾਹੀਂ ਉਨ੍ਹਾਂ ਵਿੱਚ ਸਿਰਫ ਸਰੋਵਰ ਨਾ ਰਹਿ ਕੇ ਸਾਗਰ ਬਣਨ ਦੀ ਤਾਂਘ ਉੱਠਦੀ ਹੈ, ਜੋ ਅਸਗਾਹ ਸਾਗਰ ਬਣਨਾ ਲੋਚਦੀ ਹੈ। ਉਨ੍ਹਾਂ ਦੀ ਪੁਸਤਕ 'ਉਦਾਸੀਆਂ ਦਾ ਬੂਹਾ ਸੁਲਖਣੀ' ਵਿਚਲੀ ਕਾਵਿਕਤਾ ਗੁਰੂ ਨਾਨਕ ਦੇਵ ਜੀ ਦੁਆਰਾ ਕੀਤੀਆਂ ਚਾਰ ਉਦਾਸੀਆਂ ਦੌਰਾਨ ਗੁਰੂ ਮਾਤਾ ਸੁਲੱਖਣੀ ਜੀ ਵੱਲੋਂ ਹੰਢਾਈ ਵਿਛੋੜੇ ਦੀ ਵੇਦਨਾ ਦੀ ਕਥਾ ਨੂੰ ਇੱਕ ਵੱਖਰੇ

ਅੰਦਾਜ਼ ਵਿੱਚ ਪੇਸ਼ ਕਰਦੀ ਹੈ। ਉਨ੍ਹਾਂ 'ਪੰਛੀ ਬਿਰਖ ਸੁਹਾਵੜਾਂ' ਵਿਚਲੀ ਕਾਵਿਕਤਾ ਗੁਰੂ ਨਾਨਕ ਦੇਵ ਜੀ ਦੁਆਰਾ ਕੀਤੀਆਂ ਚਾਰ ਉਦਾਸੀਆਂ ਦੌਰਾਨ ਗੁਰੂ ਮਾਤਾ ਸੁਲੱਖਣੀ ਜੀ ਵੱਲੋਂ ਹੰਢਾਈ ਵਿਛੋੜੇ ਦੀ ਵੇਦਨਾ ਦੀ ਕਥਾ ਨੂੰ ਇੱਕ ਵੱਖਰੇ ਅੰਦਾਜ਼ ਵਿੱਚ ਪੇਸ਼ ਕਰਦੀ ਹੈ। ਉਨ੍ਹਾਂ 'ਪੰਛੀ ਬਿਰਖ ਸੁਹਾਵੜਾਂ' ਪੁਸਤਕ ਵਿੱਚ ਮਨੁੱਖ ਵਿੱਚ ਮਨੁੱਖ ਨੂੰ ਬਿਰਖ ਵਜੋਂ ਚਿਤਵਿਆ ਹੈ। ਇਸ ਵਿੱਚ ਸਮੁੱਚੇ ਤੌਰ 'ਤੇ ਬਿਰਖਾਂ ਨਾਲ ਸਬੰਧਤ ਨਜ਼ਮਾਂ ਹਨ। ਇਨ੍ਹਾਂ ਨਜ਼ਮਾਂ ਨੂੰ ਪੜ੍ਹਦਿਆਂ ਇਹ ਅਹਿਸਾਸ ਹੁੰਦਾ ਹੈ ਕਿ ਅਸਲ ਰੂਪ ਵਿੱਚ ਬਿਰਖ ਹੀ ਜ਼ਿੰਦਗੀ ਦੇ ਨਿਰਮਾਤਾ ਹਨ। ਉਨ੍ਹਾਂ ਦੀ ਹਾਲ 'ਚ ਹੀ ਪ੍ਰਕਾਸ਼ਿਤ ਇਹ ਅਹਿਸਾਸ ਹੁੰਦਾ ਹੈ ਕਿ ਅਸਲ ਰੂਪ ਵਿੱਚ ਬਿਰਖ ਹੀ ਜ਼ਿੰਦਗੀ ਦੇ ਨਿਰਮਾਤਾ ਹਨ। ਉਨ੍ਹਾਂ ਦੀ ਹਾਲ 'ਚ ਹੀ ਪ੍ਰਕਾਸ਼ਿਤ ਹੋਈ ਪੁਸਤਕ 'ਤਿੱਪ ਤੇ ਕਾਇਨਾਤ' ਤਿੱਪ ਭਾਵ ਬੂੰਦ ਤੇ ਕਾਇਨਾਤ ਭਾਵ ਕੁਦਰਤ ਦਾ ਸਮੁੱਚਾ ਘੇਰਾ, ਮੈਨੂੰ ਇਕ ਬੂੰਦ ਤੋਂ ਲੈ ਕੇ ਸਮੁੱਚੀ ਕੁਦਰਤ ਦਾ ਕੀਤਾ ਸਿਮਰਨ ਭਾਸਦੀ ਹੈ। ਇਸ ਪੁਸਤਕ ਨੂੰ ਪੜ੍ਹਦਿਆਂ ਮੈਨੂੰ ਮਹਿਸੂਸ ਹੋਇਆ ਕਿ ਉਨ੍ਹਾਂ ਨੇ ਆਪਣੀ ਤੁਲਨਾ ਇਕ ਬੂੰਦ ਮਾਤਰ ਕੀਤੀ ਹੈ ਤੇ ਹਾਲੇ ਕਾਇਨਾਤ ਦੇ ਅਭੇਦਾਂ ਨੂੰ ਹੋਰ ਨੇੜਿਓਂ ਜਾਣਨ ਤੇ ਮਾਣਨ ਦੀ ਉਨ੍ਹਾਂ ਵਿੱਚ ਕਿਤੇ ਨਾ ਕਿਤੇ ਤੀਬਰ ਇੱਛਾ ਹੈ।

ਇਕ ਹੋਰ ਖੂਬੀ ਜੋ ਉਨ੍ਹਾਂ ਵਿੱਚ ਹੈ, ਉਹ ਇਹ ਕਿ ਮੈਂ ਸਦਾ ਉਨ੍ਹਾਂ ਨੂੰ ਬੱਚਿਆਂ ਸੰਗ ਬੱਚੇ ਬਣਦੇ ਵੇਖਿਆ ਹੈ। ਇਸ ਵਿੱਚ ਕੋਈ ਦੋ-ਰਾਵਾਂ ਨਹੀਂ ਕਿ ਇਸੇ ਕਰਕੇ ਉਨ੍ਹਾਂ ਦੀ ਲਿਖਤ ਵਿੱਚ ਬੱਚਿਆਂ ਵਰਗੀ ਮਾਸੂਮੀਅਤ ਤੇ ਕੋਮਲਤਾ ਹੈ। ਉਨ੍ਹਾਂ ਨੇ ਹੁਣ ਤੱਕ 36 ਪੁਸਤਕਾਂ ਹਰ ਉਮਰ ਵਰਗ ਦੇ ਬੱਚਿਆਂ ਲਈ ਸਚਿੱਤਰ ਰੂਪ ਵਿੱਚ ਛਾਇਆ ਕੀਤੀਆਂ ਹਨ। ਇਨ੍ਹਾਂ ਵਿਚੋਂ ਜ਼ਿਆਦਾਤਰ ਪੁਸਤਕਾਂ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ, ਭਾਸ਼ਾ ਵਿਭਾਗ ਪੰਜਾਬ, ਭਾਰਤ ਸਰਕਾਰ ਅਤੇ ਹੋਰ ਸੰਸਥਾਵਾਂ ਵੱਲੋਂ ਇਨਾਮ-ਸਨਮਾਨ ਮਿਲ ਚੁੱਕੇ ਹਨ। ਉਨ੍ਹਾਂ ਦਾ ਤਾਂ ਇਹ ਮੰਨਣਾ ਹੈ ਕਿ ਸਿਰਜਕ ਜਾਂ ਰਚਨਾਕਾਰ ਕਦੇ ਇਨਾਮਾਂ-ਸਨਮਾਨਾਂ ਕਰਕੇ ਵੱਡਾ ਨਹੀਂ ਹੁੰਦਾ, ਸਗੋਂ ਜਦੋਂ ਕਿਸੇ ਸਹੀ ਤੇ ਯੋਗ ਸ਼ਖਸੀਅਤ ਨੂੰ ਇਨਾਮਾਂ-ਸਨਮਾਨਾਂ ਲਈ ਚੁਣ ਕੇ ਨਿਵਾਜ਼ਿਆ ਜਾਂਦਾ ਹੈ ਤਾਂ ਇਸ ਨਾਲ ਉਨ੍ਹਾਂ ਇਨਾਮਾਂ-ਸਨਮਾਨਾਂ ਅਤੇ ਉਨ੍ਹਾਂ ਨੂੰ ਦੇਣ ਵਾਲੀਆਂ ਸੰਸਥਾਵਾਂ ਦਾ ਨਾਂ ਹੋਰ ਉੱਚਾ ਹੋ ਜਾਂਦਾ ਹੈ। ਉਨ੍ਹਾਂ ਨੂੰ ਕਈ ਬੋਰਡਾਂ, ਕਮੇਟੀਆਂ ਤੇ ਸੁਸਾਇਟੀਆਂ ਵਿੱਚ ਚੋਣਕਾਰ ਵਜੋਂ ਸੇਵਾ ਨਿਭਾਉਣ ਦਾ ਮਾਣ ਮਿਲਿਆ ਹੈ। ਮੈਨੂੰ ਇਸ ਗੱਲ ਦੀ ਖੁਸ਼ੀ ਵੀ ਹੈ ਤੇ ਮਾਣ ਵੀ ਕਿ ਉਨ੍ਹਾਂ ਨੇ ਕਦੇ ਵੀ ਨਿੱਜੀ ਸਾਂਝ ਨੂੰ ਪਾਲਣ ਜਾਂ ਮੂੰਹ-ਮੁਲਾਹਜ਼ੇ ਲਈ ਕਿਸੇ ਦੀ ਚੋਣ ਨਹੀਂ ਕੀਤੀ, ਸਗੋਂ ਨਿਰਪੱਖ ਰਹਿ ਕੇ ਯੋਗ ਵਿਅਕਤੀ ਦੇ ਨਾਂ ਨੂੰ ਤਰਜੀਹ ਦਿੰਦਿਆਂ ਚੋਣਕਾਰ ਵਜੋਂ ਸਹੀ ਪਾਈ ਹੈ। ਇਸੇ ਕਰਕੇ ਉਨ੍ਹਾਂ ਨੂੰ ਸਾਫ ਅਕਸ ਇਨਸਾਨ ਵਜੋਂ ਜਾਣਿਆ ਜਾਂਦਾ ਹੈ।

ਪੁਆਧ ਦੀ ਮਿੱਟੀ ਨਾਲ ਪਿਤਾ ਜੀ ਦਾ ਜਨਮ ਜਾਤ ਰਿਸ਼ਤਾ ਹੈ। ਪੰਜਾਬੀ ਸਾਹਿਤ ਲਈ ਕਦੇ ਇਹ ਖੇਤਰ ਅਣਗੌਲਿਆ ਹੀ ਸੀ, ਪਰ ਪੁਆਧੀ ਪੰਜਾਬੀ ਸੱਥ, ਮੁਹਾਲੀ (ਇਕਾਈ ਪੰਜਾਬੀ ਸੱਥ ਲਾਂਬੜਾ, ਜਲੰਧਰ) ਦੇ ਹੋਂਦ ਵਿੱਚ ਆਉਣ ਤੋਂ ਬਾਅਦ, ਸਾਡਾ ਪੁਆਧ ਦਾ ਇਲਾਕਾ ਚਰਚਾ ਵਿੱਚ ਆਇਆ ਤੇ ਸਮੁੱਚੇ ਪੰਜਾਬੀ, ਪੁਆਧ ਦੇ ਭੂਗੋਲਿਕ, ਸਮਾਜਿਕ ਤੇ ਧਾਰਮਿਕ ਪੱਖ ਤੇ ਰੂਪ ਤੋਂ ਜਾਣੂ ਹੋਏ। ਹੁਣ ਯੂਨੀਵਰਸਿਟੀਆਂ ਦੇ ਵਿਦਿਆਰਥੀ ਤੇ ਖੋਜਾਰਥੀ ਪੁਆਧ ਖੇਤਰ ਨਾਲ ਸਬੰਧਤ ਵੱਖ-ਵੱਖ ਵਿਸ਼ਿਆਂ ਉਪਰ ਐਮ.ਫਿਲ. ਤੇ ਪੀ.ਐਚ.ਡੀ. ਦੇ ਖੋਜ ਕਾਰਜ ਕਰ ਰਹੇ ਹਨ। ਅਕਸਰ, ਖੋਜਾਰਥੀਆਂ ਦਾ ਸਾਡੇ ਘਰ ਆਉਣਾ-ਜਾਣਾ ਬਣਿਆ ਰਹਿੰਦਾ ਹੈ ਤੇ ਉਹ ਪਿਤਾ ਜੀ ਦੀ ਨਿਰਦੇਸ਼ਨਾ ਹੇਠ ਆਪੋ-ਆਪਣੇ ਖੋਜ ਕਾਰਜ ਨੂੰ ਅਮਲੀਜਾਮਾ ਪਹਿਨਾਉਂਦੇ ਹਨ। ਇਹ ਖੋਜ ਕਾਰਜ ਹੀ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਪੁਆਧ ਖੇਤਰ ਦੀ ਵਿਰਾਸਤ ਤੋਂ ਜਾਣੂ ਕਰਵਾਉਣਗੇ। ਪੁਆਧੀ ਪੰਜਾਬੀ ਸੱਥ ਵਲੋਂ ਬਹੁਤ ਸਾਰੀਆਂ ਪੁਸਤਕਾਂ ਪੁਆਧੀ ਬੋਲੀ ਵਿੱਚ ਇਸ ਨੂੰ ਬੋਲਣ ਵਾਲਿਆਂ ਤੋਂ ਲਿਖਵਾਈਆਂ ਗਈਆਂ ਹਨ, ਪੁਆਧੀ ਉਪ ਭਾਸ਼ਾ ਦੀ ਵਿਆਕਰਨ ਉਪਰ ਵੀ ਖੋਜ ਕਾਰਜ ਕੀਤਾ ਗਿਆ ਹੈ। ਇਹ ਲੜੀ ਅਗਾਂਹ ਵੀ ਬਾਦਸਤੂਰ ਜਾਰੀ ਹੈ।

ਇੱਥੇ ਆਪਣੇ ਪਿਤਾ ਸ. ਮਨਮੋਹਨ ਸਿੰਘ ਦਾਊਂ ਦੀ ਜੀਵਨ ਤੋਰ ਬਾਰੇ ਮੈਂ ਲਿਖਣਾ ਹੋਰ ਵੀ ਬਹੁਤ ਕੁਝ ਚਾਹੁੰਦਾ

ਬਾਕੀ ਸਫ਼ਾ 45 ਤੇ

" ਸ਼ਰਮ ਸੀ ਆਤੀ ਹੈ ਅਬ ਇਸ ਕੋ ਵਤਨ ਕਹਿਤੇ ਹੂਏ "



ਬੀਰ ਦਵਿੰਦਰ ਸਿੰਘ ਸਾਬਕਾ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ

ਉੱਤਰੀ ਪੂਰਬੀ ਦਿੱਲੀ ਦੇ ਕਈ ਇਲਾਕਿਆਂ 'ਚ, ਬੀਤੇ ਕੁੱਝ ਦਿਨਾਂ ਤੋਂ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਹੋ ਰਹੇ ਸ਼ਾਂਤਮਈ ਪ੍ਰਦਰਸ਼ਨਾਂ ਦੇ, ਅਚਨਚੇਤ ਹਿੰਸਕ ਹੋ ਜਾਣ ਦੀ ਸਥਿੱਤੀ, ਬੇਹੱਦ ਅਫ਼ਸੋਸਨਾਕ ਤੇ ਸਦਮਾਜਨਕ ਹੈ। ਮੌਤ ਦੇ ਤਾਂਡਵ ਦਾ ਮੰਜ਼ਰ ਬੇਹੱਦ ਖ਼ੌਫ਼ਨਾਕ ਹੈ। ਸਵਾਲ ਇਹ ਉੱਠਦਾ ਹੈ ਕਿ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਲੰਬੇ ਸਮੇਂ ਤੋਂ ਹੋ ਰਹੇ ਸ਼ਾਂਤਮਈ ਪ੍ਰਦਰਸ਼ਨ, ਅਚਨਚੇਤ ਹਿੰਸਕ ਕਿਉਂ ਹੋ ਗਏ ? ਜਿਸ ਕਾਰਨ ਉੱਤਰੀ ਪੂਰਬੀ ਦਿੱਲੀ ਦਾ ਸਾਰਾ ਖੇਤਰ ਹੀ, ਜੰਗ ਦੇ ਮੈਦਾਨ ਵਿੱਚ ਤਬਦੀਲ ਹੋ ਗਿਆ ।ਮੌਕੇ ਤੇ ਮੌਜੂਦ, ਪੂਰੇ ਹਾਲਾਤ ਨਾਲ ਜੁੜੇ ਜਾਣਕਾਰਾਂ ਵੱਲੋਂ, ਇਸ ਫੌਰੀ ਭੜਕਾਹਟ ਦਾ ਕਾਰਨ ਇਹ ਦੱਸਿਆਂ ਜਾ ਰਿਹਾ ਹੈ, ਕਿ ਬੀ.ਜੇ.ਪੀ ਅਤੇ ਆਰ.ਐਸ.ਐਸ ਦੇ ਧਾੜਵੀਆਂ ਨੇ ਇਕੱਠੇ ਹੋ ਕੇ ਨਾਗਰਿਕਤਾ ਸੋਧ ਕਾਨੂੰਨ (ਸੀ.ਏ.ਏ), ਐਨ. ਆਰ.ਸੀ ਅਤੇ ਐਨ.ਪੀ.ਆਰ ਜਿਹੇ ਕਾਲੇ ਕਾਨੂੰਨਾਂ ਵਿਰੁੱਧ ਪ੍ਰਦਰਸ਼ਨ ਕਰ ਰਹੇ ਸ਼ਾਂਤਮਈ ਪਰਦਰਸ਼ਨਕਾਰੀਆਂ ਉੱਤੇ, ਇਨ੍ਹਾਂ ਕਾਲੇ ਕਾਨੂੰਨਾਂ ਦੇ ਹੱਕ ਵਿੱਚ ਅਤੇ ਜੈ ਸ਼੍ਰੀ ਰਾਮ ਦੀ ਨਾਹਰੇਬਾਜ਼ੀ ਕਰਦੇ ਹੋਏ ਧਾਵਾ ਬੋਲ ਦਿੱਤਾ, ਜਵਾਬੀ ਕਾਰਵਾਈ ਵਿੱਚ ਦੋਹਵੇਂ ਪਾਸੇ ਤੋਂ ਜਮ ਕੇ ਪੱਥਰਬਾਜ਼ੀ ਹੋਈ, ਜੋ ਬਾਅਦ ਵਿੱਚ, ਅੱਗਜ਼ਨੀ ਤੇ ਹਜ਼ੂਮੀ ਹਿੰਸਾ ਵਿੱਚ ਤਬਦੀਲ ਹੋ ਗਈ। ਇਸ ਚੇਤਨਾਹੀਣ ਤੇ ਬੇਮਤਲਬ ਹਿੰਸਾ ਵਿੱਚ ਜਿਨ੍ਹਾਂ ਪੀੜਤ ਪਰਿਵਾਰਾਂ ਨੇ ਆਪਣੇ ਮੈਂਬਰ ਗਵਾ ਲਏ ਹਨ, ਉਹ ਸਾਰੇ ਹੀ ਇਸ ਹਿੰਸਾ ਦੀ ਚਿੰਗਾਰੀ ਤੋਂ ਭਾਂਬੜ ਬਣ ਜਾਣ ਦੇ ਵਰਤਾਰੇ ਲਈ, ਬੀ.ਜੇ.ਪੀ ਦੇ ਇੱਕ ਆਗੂ ਕਪਿਲ ਮਿਸ਼ਰਾ ਨੂੰ ਇਸ ਹਿੰਸਾ ਨੂੰ ਭੜਕਾਊਣ ਲਈ ਜ਼ਿੰਮੇਵਾਰ ਠਹਿਰਾ ਰਹੇ ਹਨ। ਇਸ ਲੜੀ ਵਿੱਚ ਇਹ ਜ਼ਿਕਰ ਕਰਨਾ ਵੀ ਜ਼ਰੂਰੀ ਹੋਵੇਗਾ ਕਿ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਸਮੇਂ, ਬੀ.ਜੇ.ਪੀ ਦੇ ਵੱਡੇ ਤੇ ਛੋਟੇ ਲੀਡਰਾਂ ਵੱਲੋਂ, ਘੱਟ-ਗਿਣਤੀ ਮੁਸਲਿਮ ਸਮੁਦਾਏ ਦੇ ਬਰਖ਼ਿਲਾਫ਼ ਕੀਤੀ ਗਈ ਘਿਰਣਤ, ਭੜਕਾਊ ਤੇ ਉਕਸਾਊ ਬਿਆਨਬਾਜ਼ੀ ਨੇ ਇਸ ਹਜ਼ੂਮੀ ਹਿੰਸਾ ਦੀ ਨਿਸ਼ਾਨਦੇਹੀ ਤਾਂ ਅਗਾਊਂ ਹੀ ਕਰ ਦਿੱਤੀ ਸੀ। ਜੋ ਕੰਮ ਉਹ ਦਿੱਲੀ ਚੋਣਾਂ ਵਿੱਚ ਨਹੀਂ ਕਰਵਾ ਸਕੇ, ਉਸ ਨੂੰ ਦਿੱਲੀ ਚੋਣਾਂ ਵਿੱਚ ਹੋਈ ਸ਼ਰਮਨਾਕ ਹਾਰ ਤੋਂ ਬਾਅਦ, ਮਹਿਜ਼ ਬਦਲਾ ਲੈਣ ਦੇ ਮਨਸ਼ੇ ਨਾਲ, ਇੱਕ ਜੱਥੇਬੰਦਕ ਸਾਜਿਸ਼ ਰਾਹੀਂ, ਉਨ੍ਹਾਂ ਨੇ ਆਪਣੇ ਗੰਦੇ ਖ਼ੂਨੀ ਇਰਾਦਿਆਂ ਨੂੰ ਅਮਲੀ ਰੂਪ ਦੇ ਦਿੱਤਾ ਹੈ।ਮੁਸਲਿਮ ਘੱਟ ਗਿਣਤੀ ਵੱਸੋਂ ਦੀਆਂ ਸਾਰੀਆਂ ਬਸਤੀਆਂ, ਉਨ੍ਹਾਂ ਦੇ ਘਰ ਤੇ ਕਾਰੋਬਰੀ ਅਦਾਰੇ ਜਲਾ ਕੇ ਰਾਖ ਕਰ ਦਿੱਤੇ।ਦੰਗਈਆਂ ਦੇ ਇਸ ਖ਼ੌਫ਼ਨਾਕ ਵਰਤਾਰੇ ਵਿੱਚ, ਦਿੱਲੀ ਪੁਲਿਸ ਅਤੇ ਕੇਂਦਰੀ ਸਰਕਾਰ ਦੇ ਗ੍ਰਹਿ ਮੰਤਰਾਲੇ ਦੀ, ਲਗਾਤਾਰ ਤਿੰਨ ਦਿਨਾਂ ਲਈ, ਦੀਦਾ-ਦਾਨਿਸਤਾ, ਮੁਜਰਮਾਨਾ ਚੁੱਪ, ਉਨ੍ਹਾਂ ਨੂੰ ਸਿੱਧੇ ਤੌਰ ਤੇ ਇਨਸਾਫ਼ ਦੇ ਕਟਿਹਰੇ ਵਿੱਚ ਖੜ੍ਹਾ ਕਰਦੀ ਹੈ। ਜੇ ਜਾਣਬੁੱਝ ਕੇ ਕਰਵਾਈ ਗਈ ਭਿਆਨਕ ਮਜ਼ਹਬੀ ਹਿੰਸਾ ਦੀ ਬੇਚੂਕ ਪੜਤਾਲ ਹੋਵੇ ਤਾਂ ਭਾਰਤ ਦੇ ਗ੍ਰਹਿ ਮੰਤਰੀ ਸ਼੍ਰੀ ਅਮਿਤ ਸ਼ਾਹ ਅਤੇ ਦਿੱਲੀ ਦੇ ਉਪ ਰਾਜਪਾਲ ਸ਼੍ਰੀ ਅਨਿਲ ਬੈਜਲ, ਇਨ੍ਹਾਂ ਸਾਰੇ ਬੇਹੱਦ ਨਿੰਦਣ ਯੋਗ, ਸਾਜਿਸ਼ੀ ਵਰਤਾਰਿਆਂ ਦੇ ਸੂਤਰਧਾਰ ਵੱਜੋਂ ਮੁਲੱਵਸ ਪਾਏ ਜਾਣਗੇ। ਦਿੱਲੀ ਪੁਲਿਸ ਦੇ ਇੱਕ ਪਾਸੜ ਅਤੇ ਫਿਰਕਾਦਾਰਾਨਾ ਰਵੱਈਏ ਤੇ ਤਾਂ, ਨਾਗਰਿਕਤਾ ਸੋਧ ਕਾਨੂੰਨ (ਸੀ.ਏ.ਏ) ਵਿਰੁੱਧ ਹੋ ਰਹੇ ਸ਼ਾਂਤਮਈ ਪ੍ਰਦਰਸ਼ਨਾਂ ਦੇ ਆਰੰਭ ਤੋਂ ਹੀ ਉਂਗਲੀਆਂ ਉੱਠ ਰਹੀਆ ਸਨ।ਇਸ ਮਾਮਲੇ ਵਿੱਚ ਜਾਮੀਆ ਮਿਲੀਆ ਇਸਲਾਮੀਆ, ਯੂਨੀਵਰਸਿਟੀ ਅਤੇ ਜਵਾਹਰ ਲਾਲ

ਨਹਿਰੂ ਯੂਨੀਵਰਸਿਟੀ ਵਿੱਚ ਹੋਈ ਹਿੰਸਾ ਵਿੱਚ, ਦਿੱਲੀ ਪੁਲਿਸ ਦਾ ਪੱਖਪਾਤੀ ਰਵੱਈਆ ਸਿੱਧਾ ਤੇ ਸਾਫ਼ ਨਜ਼ਰ ਆ ਰਿਹਾ ਸੀ। ਇਹ ਸਾਰੀ ਸਾਜਿਸ਼ ਨੂੰ ਸਮਝਣ ਵਿੱਚ ਭਾਰਤ ਦੇ ਕਿਸੇ ਵੀ ਸਜੱਗ ਤੇ ਨਿਰਪੱਖ ਨਾਗਰਿਕ ਨੂੰ,ਰਤਾ ਜਿੰਨੀ ਵੀ ਔਖ ਨਹੀਂ ਹੋਵੇਗੀ, ਕਿ ਇਸ ਦੁਖਦਾਈ ਨਾਟਕ ਦਾ ਸੂਤਰਧਾਰ ਕੌਣ ਹੈ ਅਤੇ ਇਹ ਮੌਤ ਦਾ ਤਾਂਡਵ ਕਿਸ ਦੀ ਨਿਰਦੇਸ਼ਨਾਂ ਵਿੱਚ ਹੋ ਰਿਹਾ ਹੈ; ਵਰਨਾ ਦੇਸ਼ ਦੀ ਰਾਜਧਾਨੀ ਵਿੱਚ, ਗ੍ਰਹਿ ਮੰਤਰਾਲੇ ਦੇ ਐਨ ਨੱਕ ਦੇ ਹੇਠਾਂ, ਲਗਾਤਾਰ ਤਿੰਨ ਦਿਨਾਂ ਤੱਕ, ਇੱਕ ਖਾਸ ਘੱਟ ਗਿਣਤੀ ਫਿਰਕੇ ਦੀਆਂ ਬਸਤੀਆਂ ਜਲਾਈਆਂ ਜਾ ਰਹੀਆਂ ਹੋਣ ਅਤੇ ਹਜੂਮੀ ਹਿੰਸਾ, ਇੱਕ ਖਾਸ ਮਜ਼ਹਬ ਨਾਲ ਤੁਅੱਲਕ ਰੱਖਣ ਵਾਲੇ ਬੇਗੁਨਾਹ ਤੇ ਮਾਸੂਮ ਲੋਕਾਂ ਨੂੰ ਚੁਣ-ਚੁਣ ਕੇ ਨਸਲੀ ਹਿੰਸਾ ਦਾ ਸ਼ਿਕਾਰ ਬਣਾ ਰਹੀ ਹੋਵੇ ਤੇ ਦਿੱਲੀ ਦੀ ਪੁਲਿਸ ਇਸ ਸਾਰੇ ਨਾਟਕ 'ਚੋਂ ਜਾਂ ਤਾਂ ਗ਼ੈਰਹਾਜ਼ਰ ਰਹੇ ਤੇ ਜਾਂ ਫੇਰ ਖ਼ਾਮੋਸ਼ ਤਮਾਸ਼ਾਈ ਬਣਕੇ ਮਾਸੂਮ ਲੋਕਾਂ ਨੂੰ ਮਰਦਿਆਂ ਅਤੇ ਬਸਤੀਆਂ ਦੀਆਂ ਬਸਤੀਆ ਨੂੰ ਰਾਖ ਵਿੱਚ ਤਬਦੀਲ ਹੋਣ ਦੇ ਭਿਆਨਕ ਮੰਜ਼ਰਾਂ ਨੂੰ ਬੇਪਰਵਾਹ ਹੋ ਕੇ ਤੱਕਦੀ ਰਹੇ ! ਇਹ ਸਾਰਾ ਕੁੱਝ ਦੇਸ਼ ਦੇ ਹਾਕਮਾਂ ਦੀ ਮਰਜ਼ੀ ਤੋਂ ਬਿਨਾ ਕਿਵੇਂ ਸੰਭਵ ਹੋ ਸਕਦਾ ਹੈ ? ਅੰਜੁਮ ਰਹਿਬਰ ਦੀਆਂ ਦੋ ਸਤਰਾਂ, ਇਸ ਸਰੀਹਨ ਤੇ ਨੰਗੀ ਬੇਈਮਾਨੀ ਨੂੰ ਇਸਤਰ੍ਹਾਂ ਬਿਆਨ ਕਰਦੀਆਂ ਹਨ;

ਬਸਤੀ ਕੇ ਸਾਰੇ ਲੋਗ ਹੀ ਆਤਿਸ਼ ਪਰਸਤ ਥੇ,
ਘਰ ਜਲ ਰਹਾ ਥਾ ਔਰ ਸਮੰਦਰ ਕਰੀਬ ਥਾ।

ਕੀ ਇਹ ਨੰਗਾ ਚਿੱਟਾ ਸੱਚ ਨਹੀਂ, ਕਿ ਨਵੰਬਰ 1984 ਦੀ 'ਸਿੱਖ ਨਸਲਕੁਸ਼ੀ' ਦੀਆਂ ਕਤਲਗਾਹਾਂ ਨੂੰ ਫਰਵਰੀ 2020 ਵਿੱਚ ਉਸੇ ਹੀ ਨਸਲਕੁਸ਼ੀ ਦੀ ਮਨਸ਼ਾ ਨਾਲ ਦੁਹਰਾਇਆ ਗਿਆ ਹੈ। ਫਰਕ ਸਿਰਫ਼ ਏਨਾ ਹੈ, ਕਿ ਉਸ ਵੇਲੇ ਦੰਗਈਆਂ ਦੀ ਅਗਵਾਈ, ਇੱਕ ਜੱਥੇਬੰਦਕ ਸਾਜਿਸ਼ ਅਧੀਨ, ਕਾਂਗਰਸ ਦੇ ਕੱਟੜ ਤਅੱਸਬੀ ਲੀਡਰ ਕਰ ਰਹੇ ਸਨ, ਤੇ ਉਨ੍ਹਾਂ ਦੇ ਨਿਸ਼ਾਨੇ ਤੇ ਕੇਵਲ ਸਿੱਖ ਸਮੂਦਾਏ ਦੇ ਲੋਕ ਸਨ ਅਤੇ ਹੁਣ ਦਿੱਲੀ ਦੇ ਦੰਗਿਆਂ ਦੀ ਅਗਵਾਈ, ਉਸੇ ਹੀ ਤਰ੍ਹਾਂ ਦੀ ਸੰਗਠਿਤ ਸਾਜਿਸ਼ ਅਧੀਨ, ਬੀ.ਜੇ.ਪੀ ਅਤੇ ਆਰ.ਐਸ.ਐਸ ਦੇ ਕੱਟੜ ਤਅੱਸਬੀ ਲੀਡਰ ਕਰ ਰਹੇ ਹਨ , ਪਰ ਨਿਸ਼ਾਨੇ ਤੇ ਇਸ ਵਾਰ ਸਿੱਖਾਂ ਦੀ ਬਜਾਏ, ਮੁਸਲਿਮ ਸਮੁਦਾਏ ਦੇ ਲੋਕ ਹਨ ਅਤੇ ਦਿੱਲੀ ਦੀ ਪੁਲਿਸ, ਦੇਸ਼ ਦੇ ਗ੍ਰਹਿ ਮੰਤਰਾਲੇ ਵੱਲੋਂ ਮਿਲੀਆ ਸੈਨਤਾਂ ਦੀ ਪਾਲਣਾਂ ਵਿੱਚ ਆਪਣੀ ਪੱਖਪਾਤੀ ਭੂਮਿਕਾ ਉਸੇ ਤਰ੍ਹਾਂ ਹੀ ਨਿਭਾ ਰਹੀ ਹੈ।

ਮੇਰਾ ਤਰਕ ਇਹ ਹੈ ਕਿ ਜਦੋਂ ਇੱਕ ਸੰਗਠਿਤ ਸਾਜਿਸ਼ ਅਧੀਨ ਉੱਤਰੀ ਪੂਰਬੀ ਦਿੱਲੀ ਦੇ ਕਈ ਇਲਾਕਿਆਂ 'ਚ, ਖ਼ਾਸ ਕਰਕੇ ਭਜਨਪੁਰ, ਗੌਤਮ ਪੁਰੀ ਅਤੇ ਮੌਜਪੁਰ ਦੇ ਹਿੰਦੂ ਪਰਿਵਾਰਾਂ ਅਤੇ ਉਨ੍ਹਾਂ ਦੀਆਂ ਦੁਕਾਨਾਂ ਉੱਤੇ ਸ਼ਨੀਚਰਵਾਰ, 22 ਫਰਵਰੀ ਨੂੰ ਹੀ, ਉਨ੍ਹਾਂ ਦੀ ਵੱਖਰੀ ਪਹਿਚਾਣ ਸਥਾਪਤ ਕਰਨ ਲਈ, ਭਾਜਪਾ ਅਤੇ ਆਰ.ਐਸ.ਐਸ ਦੇ ਸਵੈਸੇਵਕਾਂ ਵੱਲੋਂ, ਭਗਵੇਂ ਝੰਡੇ ਲਹਿਰਾ ਦਿੱਤੇ ਸਨ ਤਾਂ ਕਿ ਦੰਗਈਆਂ ਦੇ ਹਮਲੇ ਸਮੇਂ ਉਨ੍ਹਾਂ ਦਾ ਕੋਈ ਨੁਕਸਾਨ ਨਾ ਹੋ ਸਕੇ। ਠੀਕ ਉਸ ਵੇਲੇ ਹੀ ਜੇ ਭਾਰਤ ਸਰਕਾਰ ਬੇਈਮਾਨ ਨਾ ਹੁੰਦੀ ਤਾਂ ਸਰਕਾਰ ਦੀਆਂ ਸਾਰੀਆਂ ਚੌਕਸੀ ਏਜੰਸੀਆਂ ਅਤੇ ਸੁਰੱਖਿਆਂ ਏਜੰਸੀਆਂ ਦੇ ਕੰਨ ਖੜ੍ਹੇ ਹੋਣੇ ਚਾਹੀਦੇ ਸੀ ਅਤੇ ਉਨ੍ਹਾਂ ਨੂੰ ਹਜੂਮੀ ਦੰਗੇ ਵਾਪਰਨ ਤੋਂ ਪਹਿਲਾਂ ਹੀ ਇਨ੍ਹਾਂ ਸਾਰੇ ਇਲਾਕਿਆਂ ਵਿੱਚ ਪੇਸ਼ਬੰਦੀ ਵੱਜੋਂ ਘੇਰਾਬੰਦੀ ਕਰਨੀ ਬਣਦੀ ਸੀ ਅਤੇ ਚੌਕਸੀ ਵੱਜੋਂ ਦਫ਼ਾ 144 ਨਾਫ਼ਜ਼ ਕਰ ਦੇਣੀ ਚਾਹੀਦੀ ਸੀ, ਜੇ ਇਹ ਨਹੀਂ ਹੋਇਆ ਤਾਂ ਦੰਗਿਆਂ ਦੇ ਭੜਕਣ ਤੋਂ ਤੁਰੰਤ ਬਾਅਦ, ਕਰਫਿਊ ਨਾਫਜ਼ ਕਰਕੇ ਦੰਗਈਆਂ ਨੂੰ ਕਾਬੂ ਕਰਨਾ ਚਾਹੀਦਾ ਸੀ। ਜੇ ਦਿੱਲੀ ਦੇ ਪੁਲਿਸ ਕਮਿਸ਼ਨਰ ਦੇ ਕਹਿਣ ਅਨੁਸਾਰ, ਦਿੱਲੀ ਪੁਲਿਸ ਦੇ ਲਗਪਗ 5000 ਕਰਮਚਾਰੀ ਅਮਰੀਕਾ ਦੇ ਰਾਸ਼ਟਰਪਤੀ ਦੀ ਸੁਰੱਖਿਆ ਲਈ ਤਾਇਨਾਤ ਸਨ ਤਾਂ ਅਜੇਹੀ ਸਥਿੱਤੀ ਵਿੱਚ ਫੌਜ ਨੂੰ ਤਲਬ ਕਰਨਾ ਬਣਦਾ ਸੀ, ਇੰਜ ਕਰਨ ਨਾਲ ਹਜੂਮੀ ਹਿੰਸਾ ਦਾ ਸ਼ਿਕਾਰ ਹੋਈਆਂ ਕੀਮਤੀ ਜਾਨਾਂ ਵੀ ਬਚ ਸਕਦੀਆਂ ਸਨ ਤੇ ਅੱਗਜਨੀਆਂ ਕਾਰਨ ਸਵਾਹ ਹੋਏ ਮਕਾਨ, ਅਸਬਾਬ ਤੇ ਵਪਾਰਕ ਅਦਾਰੇ ਵੀ ਬਚ ਸਕਦੇ ਸਨ, ਪਰ ਅਜਿਹਾ ਕੁੱਝ ਵੀ ਨਹੀਂ ਹੋਇਆ, ਕਿਉਂਕਿ ਸਰਕਾਰ ਦੀ ਨੀਯਤ ਸਾਫ਼ ਨਹੀਂ ਸੀ।

ਵਰਨਣ ਯੋਗ ਹੈ ਕਿ ਜਦੋਂ ਭਾਰਤ ਦੇ ਗ੍ਰਹਿ ਮੰਤਰੀ ਸ਼੍ਰੀ ਅਮਿਤ ਸ਼ਾਹ ਦੀ, ਸ਼ਹੀਨ ਬਾਗ ਦੇ ਧਰਨਾਕਾਰੀਆਂ ਨੂੰ ਕਰੰਟ ਲਾਉਂਣ ਦੀ ਇੱਛਾ ਪੂਰੀ ਨਾ ਹੋ ਸਕੀ ਤਾਂ ਫੇਰ ਉਨ੍ਹਾਂ

ਨੇ 'ਗੋਲੀ ਮਾਰੋ ਸਾਲੋਂ ਕੋ' ਦੇ ਨਾਅਰੇ ਤੇ ਅਮਲ ਕਰਕੇ ਆਪਣੀ ਇੱਛਾ ਪੂਰੀ ਕਰਨ ਲਈ ਹਰ ਤਰ੍ਹਾਂ ਦੀ ਖੁਲ੍ਹ ਲੈ ਲਈ। ਸਵਾਲ ਇਹ ਹੈ ਕਿ ਦੇਸ਼ ਦੀਆਂ ਘੱਟ ਗਿਣਤੀਆਂ ਹੁਣ ਨਿਆਂ ਲਈ ਗੁਹਾਰ ਕਿੱਥੇ ਲਾਊਂਣ ? ਅੱਲਾਮਾਂ ਇਕਬਾਲ ਨੇ ਠੀਕ ਹੀ ਤਾਂ ਆਖਿਆ ਹੈ;

ਮੁੱਦਤੇਂ ਗੁਜ਼ਰੀ ਯਹੀ ਰੰਜ-ਓ-ਮੇਹਨ ਸਹਿਤੇ ਹੂਏ,
ਸ਼ਰਮ ਸੀ ਆਤੀ ਹੈ ਅਬ ਇਸ ਕੋ ਵਤਨ ਕਹਿਤੇ ਹੂਏ।

ਦੇਸ਼ ਦੀ ਬਹੁ-ਗਿਣਤੀ ਇੱਕ ਸਾਜਿਸ਼ ਰਾਹੀਂ, ਨਾਗਰਿਕਤਾ ਸੋਧ ਕਾਨੂੰਨ (ਸੀ.ਏ.ਏ), ਐਨ. ਆਰ.ਸੀ ਅਤੇ ਐਨ.ਪੀ.ਆਰ ਜਿਹੇ ਕਾਲ਼ੇ ਕਾਨੂੰਨ ਪਾਸ ਕਰਕੇ ਦੇਸ਼ ਦੀਆਂ ਘੱਟ ਗਿਣਤੀਆਂ ਦੇ ਬਣਦੇ ਸੰਵਿਧਾਨਿਕ ਹੱਕਾਂ ਤੇ ਸੰਵਿਧਾਕ ਪਰਿਕਿਰਿਆ ਰਾਹੀਂ ਹੀ ਡਾਕਾ ਮਾਰਨ ਦੀ ਵਿਧੀ ਅਪਣਾ ਲਵੇ ਤਾਂ ਲੋਕਤੰਤਰ ਵਿੱਚ, ਸਿਵਾਏ ਅਜਿਹੇ ਕਾਨੂੰਨਾਂ ਦਾ ਸਮੂਹਿਕ ਵਿਰੋਧ ਕਰਨ ਦੇ, ਹੋਰ ਕਿਹੜਾ ਚਾਰਾ ਬਚਦਾ ਹੈ?

ਨਾ ਤੜਪਨੇ ਕੀ ਇਜਾਜ਼ਤ ਹੈ ਨਾ ਫ਼ਰਿਆਦ ਕੀ ਹੈ,
ਦਮ ਘੁਟ ਕੇ ਮਰ ਜਾਊਂ, ਯੇ ਮਰਜ਼ੀ ਮੇਰੇ ਸੱਯਾਦ ਕੀ ਹੈ।

ਏਥੇ ਇਹ ਦੱਸਣਾਂ ਯੋਗ ਹੋਵੇਗਾ ਕਿ ਇਨ੍ਹਾਂ ਕਾਲੇ ਕਾਨੂੰਨਾਂ ਵਿਰੁੱਧ, ਦੇਸ਼-ਵਿਆਪੀ ਲਹਿਰ ਦੇ ਹਿੱਸੇ ਵੱਜੋਂ, ਤਮਾਮ ਜਨਤਕ ਪ੍ਰਦਰਸ਼ਨ, ਤਦ ਤੱਕ ਸ਼ਾਂਤਮਈ ਰਹੇ ਹਨ ਜਦੋਂ ਤੱਕ ਮੁਕਾਮੀ ਪੁਲਿਸ ਨੇ ਕੋਈ ਬੇਵਕੂਫ਼ਾਨਾ ਹਰਕਤ ਕਰਕੇ, ਕੋਈ ਵੱਡੀ ਭੜਕਾਹਟ ਪੈਦਾ ਨਾ ਕਰ ਦਿੱਤੀ ਹੋਵੇ।

ਇਹ ਜਾਣਦਿਆਂ ਹੋਇਆਂ ਵੀ ਕਿ ਨਾਗਰਿਕਤਾ ਸੋਧ ਕਾਨੂੰਨ (ਸੀ.ਏ.ਏ), ਐਨ. ਆਰ.ਸੀ ਅਤੇ ਐਨ.ਪੀ.ਆਰ ਜਿਹੇ ਕਾਲ਼ੇ ਕਾਨੂੰਨਾਂ ਦਾ ਦੇਸ਼ ਵਿਆਪੀ ਵਿਰੋਧ, ਪੂਰੇ ਦੇਸ਼ ਦੀ ਏਕਤਾ ਅਤੇ ਅਖੰਡਤਾ ਦੇ ਪਰਿਪੇਖ ਵਿੱਚ ਇੱਕ ਅਤੀ ਨਾਜ਼ੁਕ ਮਾਮਲਾ ਹੈ, ਫੇਰ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਨੇ, ਸਮਾਂ ਰਹਿੰਦਿਆਂ, ਹਜੂਮੀ ਹਿੰਸਾ ਦੇ ਮਾਮਲੇ ਦੀ ਗੰਭੀਰ ਫਸਾਦੀ ਨੌਬਤ ਇਖ਼ਤਿਆਰ ਕਰ ਜਾਣ ਦੇ ਬਾਵਜੂਦ ਵੀ, ਹਾਲਾਤ ਤੇ ਕਾਬੂ ਪਾਊਂਣ ਲਈ, ਭਾਰਤੀ ਫੌਜ ਨੂੰ ਤਲਬ ਕਰਨ ਦੀ ਲੋੜ ਨਹੀਂ ਸਮਝੀ ਜਦੋਂ ਕਿ ਦਿੱਲੀ ਪੁਲਿਸ ਦਾ ਪੱਖਪਾਤੀ ਰਵੱਈਆ ਕਿਸੇ ਤੋਂ ਲੁਕਿਆ-ਛਿਪਿਆ ਨਹੀਂ। ਅੱਜ ਹਰ ਸੰਜੀਦਾ ਤੇ ਨਿਰਪੱਖ ਦੇਸ਼ਵਾਸੀ ਦੇ ਜ਼ਿਹਨ ਵਿੱਚ ਇੱਕੋ ਹੀ ਸਵਾਲ ਹੈ ਕਿ ਕੀ ਬੀ.ਜੇ.ਪੀ ਅਤੇ ਆਰ.ਐਸ.ਐਸ ਦੀ ਸਾਜਸ਼ੀ ਤਿਆਰੀ 'ਨਵੰਬਰ 1984' ਦੇ ਭਿਆਨਕ ਸਿੱਖ ਵਿਰੋਧੀ ਦੰਗਿਆਂ ਨੂੰ ਦੁਹਰਾਊਂਣ ਦੀ ਹੀ ਸੀ, ਤਾਂ ਕਿ ਦੇਸ਼ ਦੇ ਮੁਸਲਿਮ ਘੱਟ-ਗਿਣਤੀ ਭਾਈਚਾਰੇ ਨੂੰ ਹਰ ਤਰ੍ਹਾਂ ਨਾਲ ਅਲੱਗ-ਥਲ;ੱਗ ਕਰਕੇ ਭੈਅ-ਭੀਤ ਕੀਤਾ ਜਾ ਸਕੇ ਅਤੇ ਉਨ੍ਹਾਂ ਦੀਆਂ ਹੱਕੀ ਆਵਾਜ਼ਾਂ ਨੂੰ, ਤੁਅੱਸਬ ਤੇ ਤਪਕਾਤੀ ਨਫ਼ਰਤਾਂ ਦੀ ਅੱਗ ਵਿੱਚ ਝੁਲਸ ਕੇ, ਸਦਾ ਲਈ ਦਬਾ ਦਿੱਤਾ ਜਾਵੇ।

ਦਿੱਲੀ ਵਿੱਚ ਸਮੇਂ ਸਿਰ ਕਰਫਿਊ ਨਾਫ਼ਜ਼ ਨਾ ਕਰਨਾ ਅਤੇ ਪੂਰੇ 72 ਘੰਟੇ ਤੱਕ ਦੰਗਈਆਂ ਨੂੰ ਹਿੰਸਕ ਹਮਲੇ ਕਰਨ, ਲੁੱਟ-ਮਾਰ, ਰਾਹਜ਼ਨੀਆਂ ਤੇ ਅੱਗਜ਼ਨੀਆਂ ਕਰਨ ਦੀ ਪੂਰੀ ਖੁਲ੍ਹ ਦੇਣਾਂ ਇਹ ਸਭ ਕੁੱਝ ਇੱਕ ਸੋਚੀ ਸਮਝੀ, ਛਲ-ਕਪਟੀ ਸਾਜਿਸ਼ੀ ਯੋਜਨਾ ਦਾ ਹਿੱਸਾ ਸੀ, ਇਸੇ ਲਈ ਫੌਜ ਨੂੰ ਤਲਬ ਕਰਨ ਦੀ ਲੋੜ ਨਹੀਂ ਸਮਝੀ ਗਈ। ਜੇ ਭਾਰਤੀ ਫੌਜ ਦੀ ਵਿਆਪਕ ਤਾਇਨਾਤੀ ਕਸ਼ਮੀਰ ਵਿੱਚ ਅਮਨ ਕਾਇਮ ਰੱਖਣ ਲਈ ਜਾਇਜ਼ ਹੈ ਤਾਂ ਫੇਰ ਭਾਰਤੀ ਫੌਜ ਦੀ ਤਾਇਨਾਤੀ ਦੇਸ਼ ਦੀ ਰਾਜਧਾਨੀ, ਦਿੱਲੀ ਵਿੱਚ ਸ਼ਾਂਤੀ ਬਹਾਲ ਕਰਨ ਲਈ, ਕਿਊਂ ਜਾਇਜ਼ ਨਹੀ ? ਇਨ੍ਹਾਂ ਸਾਰੇ ਲਟਕਦੇ ਸਵਾਲਾਂ ਦਾ ਜਵਾਬ ਹੁਣ ਕੌਣ ਦੇਵੇਗਾ ? ਇਹ ਵਕਤ ਦੀ ਸਿਤਮਗਰੀ ਹੀ ਤਾਂ ਹੈ, ਕਿ ਕਸ਼ਮੀਰ ਵਿੱਚ ਤਾਂ ਫੌਜ ਦੀ ਤਾਇਨਾਤੀ, ਭਾਰੀ ਤੈਦਾਦ ਵਿੱਚ, ਮਹਿਜ਼ ਇਸ ਲਈ ਹੈ ਕਿ ਮੁਸਲਮਾਨ ਸਮੁਦਾਏ ਦੇ ਲੋਕ ਆਪਣੇ ਹੱਕਾਂ ਲਈ ਲਾਮਬੰਦ ਹੋ ਕੇ ਸਿਰ ਨਾ ਚੁੱਕ ਸਕਣ ਅਤੇ ਕਿਸੇ ਜਗ੍ਹਾ ਤੇ ਫੌਜ ਦੀ ਤਇਨਾਤੀ ਇਸ ਲਈ ਮਨਫ਼ੀ ਹੈ ਕਿ ਤਾਂ ਕਿ ਬਹੁਗਿਣਤੀ ਫਿਰਕੇ ਦੇ ਦੰਗਈਆਂ ਨੂੰ ਮੁਸਲਮਾਨਾਂ ਦੀਆਂ ਬਸਤੀਆਂ ਉਜਾੜਨ ਦੀ ਪੂਰੀ ਖੁੱਲ੍ਹ ਮਿਲ ਸਕੇ। ਬਸ ਹੁਣ ਤਾਂ ਇਸ ਦੇਸ਼ ਦੇ ਧਰਮ ਨਿਪੱਖ ਪਰਜਾਤੰਤਰ ਦਾ ਰੱਬ ਹੀ ਰਾਖਾ ਹੈ;

ਰਹਿਮਤੇਂ ਹੈਂ ਤੇਰੀ ਅਗਿਯਾਰ ਕੇ ਕਾਸ਼ਾਨੋ ਪਰ,
ਬਰਕ ਗਿਰਤੀ ਹੈ ਤੋ ਬੇਚਾਰੇ ਮੁਸਲਮਾਨੋ ਪਰ।

ਸੰਪਰਕ : 9814033362

****



ਸਿੰਗਾਂ ਵਾਲੇ ਗਧੇ

ਮੇਰੀ ਸਿਹਤ ਦਾ ਰਾਜ਼

ਪ੍ਰੋ: ਜਸਵੰਤ ਸਿੰਘ ਕੈਲਵੀ

ਮੇਰੀ ਸਿਹਤ ਦਾ ਰਾਜ਼ ਪੁੱਛਦੇ ਹੋ ਤੁਸੀਂ ? ਤੁਸੀਂ ਇਕੱਲ ਹੀ ਨਹੀਂ ਹੈ। ਹੋਰ ਵੀ ਬਹੁਤ ਸਾਰੇ ਲੋਕ ਨੇ ਜੋ ਮੇਰੀ ਸਿਹਤ ਦਾ ਰਾਜ਼ ਜਾਣਨ ਲਈ ਉਤਸੁਕ ਨੇ।ਜਦੋਂ ਉਹਨਾਂ ਨੂੰ ਪਤਾ ਲੱਗਦਾ ਏ ਕਿ ਮੈਂ ਪਿਛਲੇ ਵੀਹ ਸਾਲਾਂ ਤੋਂ ਸਰਕਾਰੀ ਪੈਨਸ਼ਨ ਛਕ ਰਿਹਾ ਹਾਂ ਤਾਂ ਉਹ ਮੂੰਹ ਵਿੱਚ ਉਂਗਲਾਂ ਪਾ ਲੈਂਦੇ ਨੇ ਕਿ ਵੇਖੋ ! ਇਸ ਉਮਰ ਵਿੱਚ ਵੀ ਇਸ ਬੰਦੇ ਦੇ ਚਿਹਰੇ ਤੇ ਨਾ ਕੋਈ ਝੁਰੜੀ ਹੈ, ਨਾ ਇਸਦੇ ਹੱਡ-ਗੋਡਿਆਂ ਵਿੱਚ ਦਰਦਾਂ ਹਨ, ਨਜ਼ਰ ਵੀ ਪੂਰੀ ਤਰ੍ਹਾਂ ਕੰਮ ਕਰਦੀ ਸੂ ਤੇ ਦੰਦ ਵੀ ਮਜ਼ਬੂਤ ਨੇ ਤੇ ਕਿਵੇਂ ਵਹਿੜਕੇ ਵਾਂਗ ਦੁੜੰਗੇ ਮਾਰਦਾ ਫਿਰਦਾ ਏ!

ਫੇਰ ਉਹ ਖਹਿੜੇ ਪੈ ਜਾਂਦੇ ਨੇ ਕਿ ਤੁਸਾਂ ਆਪਣੀ ਸਿਹਤ ਦੀ ਸੰਭਾਲ ਕਿਵੇਂ ਕੀਤੀ ਏ? ਤੁਹਾਡੇ ਕੋਲ ਕਿਹੜੀ ਗਿੱਦੜ ਸਿੰਗੀ ਜਾਂ ਨੁਸਖਾ ਹੈ ? ਜ਼ਰਾ ਸਾਨੂੰ ਵੀ ਤਾਂ ਪਤਾ ਲੱਗੇ। ਅਸੀਂ ਉਹਨਾਂ ਨਾਲ ਇੱਕ ਨੇਤਾ ਗਣ ਵਰਗੀ ਚੌਪੜੀ ਮੁਸਕਰਾਹਟ ਬਖੇਰ ਕੇ ਪਾਸਾ ਵਟ ਜਾਂਦੇ ਹਾਂ। ਅਸੀਂ ਇਹਨਾਂ ਸ਼ੁਭਚਿੰਤਕਾਂ ਪਾਸ ਆਪਣਾ ਭੇਤ ਕਿਉਂ ਜ਼ਾਹਰ ਕਰੀਏ? ਇਹ ਤਾਂ ਸੋਚਦੇ ਹੋਣਗੇ ਕਿ ਇਸ ਭਲਵਾਨ ਨੂੰ ਮੌਤ ਨੇ ਹੁਣ ਤਕ ਢਾਹਿਆਂ ਕਿਉਂ ਨਹੀਂ? ਹੋ ਸਕਦੈ ਮੌਤ ਨੂੰ ਇਹਦਾ ਅਤਾ ਪਤਾ ਹੀ ਭੁੱਲ ਗਿਆ ਹੋਵੇ, ਜੇ ਉਹਨਾਂ ਕੋਲ ਮੌਤ ਦਾ ਐਡਰੈੱਸ ਕਿਸੇ ਡਾਇਰੀ ਵਿੱਚ ਨੋਟ ਹੁੰਦਾ ਤਾਂ ਉਹ ਸ਼ਾਇਦ ਮੌਤ ਰਾਣੀ ਨੂੰ ਚਿੱਠੀ ਪੱਤਰ ਲਿਖਣੋਂ ਵੀ ਸੰਕੋਚ ਨਾ ਕਰਦੇ ਕਿ ਵੇਖ ! ਮੌਤ ਰਾਣੀਏਂ , ਵੇਖ ! ਏਸ ਬੰਦੇ ਨੂੰ ਵੇਖ ! ਇਹ ਤੇਰੀ ਕੋਈ ਪਰਵਾਹ ਹੀ ਨਹੀਂ ਕਰਦਾ । ਇਹ ਨਾ ਹੋਵੇ ਕਿ ਇਹ ਕਿਧਰੇ ਵੀਹਵੀਂ ਸਦੀ ਪਾਰ ਕਰਕੇ ਇੱਕੀਵੀਂ ਵਿੱਚ ਪ੍ਰਵੇਸ਼ ਕਰ ਜਾਵੇ ਤੇ ਇੱਕੀਵੀਂ ਸਦੀ ਦੇ ਵੀ ਇੱਕੀ ਸਾਲ ਕੱਢ ਜਾਵੇ

ਤੇ ਅਸੀਂ ਇਹਨੂੰ ਮਰਦਾ ਹੋਇਆ ਵੀ ਨਾ ਵੇਖ ਸਕੀਏ।'

ਚਲੋ ਛੱਡੋ ਜੀ ਇਹਨਾਂ ਸ਼ੁਭਚਿੰਤਕਾਂ ਨੂੰ। ਤੁਸੀਂ ਤਾਂ ਆਪਣੇ ਖਾਸ ਉਲ - ਖਾਸ ਬੰਦੇ ਹੋ ਨਾ ਤੇ ਖਾਸ ਭੇਤ ਖਾਸ ਬੰਦਿਆਂ ਨੂੰ ਹੀ ਦੱਸਣ ਯੋਗ ਹੁੰਦੇ ਹਨ। ਹਰ ਐਰੇ ਗੈਰੇ ਨੱਥ ਖੈਰੇ ਨੂੰ ਨਹੀਂ, ਫੇਰ ਸਾਡੇ ਹਿੰਦੋਸਤਾਨ ਵਿੱਚ ਤਾਂ ਜੋ ਕਿਸੇ ਬੰਦੇ ਕੋਲ ਦੇਦਾ ਦੇ ਮੰਜਣ ਦਾ ਨੁਸਖ਼ਾ ਵੀ ਹੋਵੇ ਤਾਂ ਉਹ ਮਰਦਾ ਮਰ ਜਾਵੇਗਾ ਤੇ ਉਹ ਨਸਖਾ ਉਹਦੀ ਹਿੱਕ ਵਿੱਚ ਦੱਬਿਆਂ ਹੀ ਤੁਰ ਜਾਵੇਗਾ। ਮਜਾਲ ਹੈ ਕਿ ਉਹ ਆਪਣੇ ਕਿਸੇ ਪੁੱਤ ਭਤੀਜੇ ਜਾਂ ਅਜ਼ੀਜ਼ ਤਕ ਨੂੰ ਦੱਸ ਕੇ ਮਰੇ। ਪਰੰਤੂ ਅਸੀਂ ਨਾ ਕੇਵਲ ਇਹ ਨੁਸਖਾ ਤੁਹਾਨੂੰ ਦੱਸਦੇ ਹਾਂ , ਸਗੋਂ ਇਸ ਗੱਲ ਦੀ ਆਗਿਆ ਵੀ ਦੇ ਦੇਂਦੇ ਹਾਂ ਕ ਜੇ ਚਾਹੋ ਤਾਂ ਸਾਡੇ ਨੁਸਖੇ ਨੂੰ ਤੁਸੀਂ ਪ੍ਰਕਾਸ਼ਿਤ ਵੀ ਕਰਵਾ ਸਕਦੇ ਹੋ। ਤਾਂ ਕਿ ਸਰਬੱਤ ਪ੍ਰਾਣੀਆਂ ਦਾ ਭਲਾ ਹੋਵੇ। ਹਾਂ ਹੁਣ ਤੁਸੀਂ ਜੋ ਵੀ ਪੁੱਛਣਾ ਚਾਹੋ ਪੁੱਛ ਸਕਦੇ ਹੋ।

ਸੁਆਲ : 'ਕੀ ਤੁਹਾਡੀ ਚੰਗੀ ਸਿਹਤ ਦਾ ਰਾਜ਼ ਚੰਗੀ ਖੁਰਾਕ ਹੈ ? ਜ਼ਰਾਂ ਰੋਸ਼ਨੀ ਪਾਓ॥

ਜੁਆਬ : 'ਦਿਨ ਦਾ ਸਮਾਂ ਹੈ । ਰੌਸ਼ਨੀ ਤਾਂ ਕੁਦਰਤ ਵੱਲੋਂ ਹੈ ਹੀ। ਅਸੀਂ ਕੋਈ ਬਲਬ ਲਾਟੂ ਜਗਾ ਕੇ ਬਿਜਲੀ ਦਾ ਨੁਕਸਾਨ ਨਹੀਂ ਕਰਨਾ ਚਾਹੁੰਦੇ। ਅੱਗੇ ਹੀ ਬਿਜਲੀ ਸੰਕਟ ਬਹੁਤ ਗਹਿਰਾ ਹੈ। ਇਹ ਨੁਕਸਾਨ ਕਿੱਦਾਂ ਕਰੀ ਕਰਾਈਦਾ ਹੈ ਇਹ ਤਾਂ ਬਿਜਲੀ ਮਹਿਕਮੇ ਵਾਲਿਆਂ ਦਾ ਕੰਮ ਹੈ। ਜਿਨ੍ਹਾਂ ਨੂੰ ਬਿਜਲੀਆਂ ਲਾਉਣ ਦੀ ਸਖ਼ਤ ਜ਼ਰੂਰਤ ਹੈ। ਤੁਸਾਂ ਖੁਰਾਕ ਦੀ ਗੱਲ ਕੀਤੀ ਏ। ਮੇਰੀ ਕੋਈ ਵਿਸ਼ੇਸ਼ ਖੁਰਾਕ ਨਹੀਂ ਜਿਵੇਂ ਮੀਟ, ਮੁਰਗਾ ਮੱਛੀ, ਦੁੱਧ, ਘਿਉ, ਬਾਦਾਮ, ਪਿਸਤਾ ਫਲ-ਫਰੂਟ ਵਗੈਰਾ ਵਗੈਰਾ। ਮੈਂ ਭਾਰਤ ਦਾ ਆਮ ਜਿਹਾ ਨਾਗਰਿਕ ਹਾਂ, ਖੁਸ਼ਕਿਸਮਤੀ ਨਾਲ ਪੰਜਾਬ ਵਿਚ ਜੰਮ ਪਿਆ ਹਾਂ। ਜਿਥੇ ਢਿੱਡ ਭਰਨ ਨੂੰ ਕਣਕ ਪੈਦਾ ਹੋ ਜਾਂਦੀ ਹੈ। ਜੇ ਮੈਂ ਮੀਜ਼ੋਰਮ ਜਾਂ ਨਾਗਾਲੈਂਡ ਵਿੱਚ ਜੰਮਦਾ ਤਾਂ ਪਤਾ ਨਹੀਂ ਛੱਪੜਾਂ ਦੀਆਂ ਡੱਡੀਆਂ ਮੱਛੀਆਂ ਜਾਂ ਗੰਢ ਗੰਡੋਏ ਹੀ ਇਕੱਠੇ ਕਰਕੇ ਛਕਣੇ ਪੈਂਦੇ। ਖ਼ੈਰਦੋ ਵਕਤ ਰੱਜਵੀਂ ਰੋਟੀ ਮਿਲ ਜਾਂਦੀ ਏ। ਕੱਦੂ ਕਰੇਲੇ, ਦਾਲ, ਦਹੀਂ, ਚਟਣੀ ਨਾਲ । ਚੂਪਣ ਲਈ ਗੰਨੇ। ਖਾਣ ਲਈ ਸਰੋਂ ਦਾ ਸਾਗ, ਛੱਲੀਆਂ,

ਮਲਿਆਂ ਦੇ ਬੇਰ, ਖੱਖੜੀ, ਖ਼ਰਬੂਜ਼ਾ, ਗਾਜਰ,ਮੂਲੀ ਵਗੈਰਾ ਵਗੈਰਾ ਵੀ। ਭਾਵੇਂ ਤੋਕੜ ਮੱਝ ਦੇ ਦੁੱਧ ਦੇਣ ਵਾਂਗ ਹੁੰਦਾ ਕਈ ਚੀਜ਼ਾਂ ਤਾਂ ਕਦੇ ਕਦਾਈਂ ਨਸੀਬ ਹੁੰਦੀਆਂ ਹਨ। ਬਾਜ਼ਾਰ ਵਿੱਚ ਵਿਕਦੇ ਸ਼ੁੱਧ ਦੇਸੀ ਘੀ ਵਾਂਗ ਅਸੀਂ ਸ਼ੁੱਧ ਸ਼ਾਕਾਹਾਰੀ ਹਾਂ। ਗਰੀਬੀ ਰੇਖਾ ਤੋਂ ਨਾ ਬਹੁਤਾ ਥੱਲੇ ਹਾਂ, ਨਾ ਬਹੁਤਾ ਉੱਤੇ। ਬੱਸ, ਚਾਰ ਕੁ ਉਂਗਲਾਂ ਉੱਤੇ ਉੱਤੇ ਤੁਰ ਰਹੇ ਹਾਂ। ਬਚਪਨ ਤਾਂ ਆਜ਼ਾਦੀ ਦੀ ਭੇਟਾ ਚੜ ਗਿਆ ਤੇ ਜੁਆਨੀ ਰੋਟੀ ਪਿੱਛੇ ਰਿੜਦਿਆਂ ਗੁਜ਼ਰ ਗਈ ਹੁਣ ਸਾਹ ਕੁੱਝ ਸੌਖਾ ਸੁਖਾਲਾ ਲੈ ਵਹੇ ਹਾਂ। ਸੁਆਲ : 'ਤੁਸਾਂ ਫੁਰਮਾਇਆ ਹੈ ਕਿ ਬਚਪਨ ਆਜ਼ਾਦੀ ਦੀ ਭੇਟਾ ਹੋ ਗਿਆ। ਕੀ ਤੁਸੀਂ ਫਰੀਡਮ ਫਾਈਟਰ ਯਾਨੀ ਸੁਤੰਤਰਤਾ ਸੰਗਾਮੀ ਹੋ? ਦੇਸ਼ ਦੀ ਆਜ਼ਾਦੀ ਵਿੱਚ ਤੁਸੀਂ ਕੀ ਯੋਗਦਾਨ ਪਾਇਆ ਹੈ?

ਜੁਆਬ : "ਸਾਡਾ ਯੋਗਦਾਨ ਤਾਂ ਮੱਲੋ-ਮੱਲੀ ਪੁਆਇਆ ਗਿਆ ਹੈ। ਦੇਸ਼ ਦੇ ਬਟਵਾਰੇ ਸਮੇਂ ਸਾਨੂੰ ਪਾਕਿਸਤਾਨ ਤੋਂ ਉੱਖੜ ਕੇ ਭਾਰਤ ਭੂਮੀ ਵਿੱਚ ਆਉਣਾ ਡਪਿਆਂ। ਜਾਨ ਮਾਲ ਦਾਂ ਪੂਰਾ ਘਾਟਾ ਹੋਇਆ। ਵੱਢ ਟੁੱਕ ਨਾਲ ਧਰਤੀ ਖੂਨ ਨਾਲ ਸੁਰਖ਼ ਹੋ ਗਈ। ਬਚਪਨ ਦਾ ਖਾਣ ਹੰਢਾਣ ਤੇ ਖੇਡਣ ਮੱਲਣ ਦਾ ਸਮਾਂ ਗਲੀਆਂ ਦੇ ਕੱਖਾਂ ਵਾਂਗ ਰੁਲ ਗਿਆ। ਹੁਣ ਸਾਨੂੰ ਚਾਹੇ ਕੋਈ ਫਰੀਡਮ ਫਾਈਟਰ ਮੰਨੇ ਚਾਹੇ ਨਾ ਮੰਨੇ। ਜਿਹੜਾ ਜੀਵਨੇ ਅਸਾਂ ਕਈ ਵਰੇ ਗੁਜ਼ਾਰਿਐ ਕੀ ਉਹ ਲੀਡਰਾਂ ਦੇ ਜਿਹਲ ਜੀਵਨ ਨਾਲੋਂ ਚੰਗਾ ਸੀ? ਮੇਰੇ ਹਿਸਾਬ ਤਾਂ ਸਰਕਾਰ ਨੂੰ ਚਾਹੀਦਾ ਕਿ ਉਹ ਸਾਨੂੰ ਵੀ ਫਰੀਡਮ ਵਾਈਟਰ ਮੰਨ ਕੇ ਸਾਡੀ ਵੀ ਪੈਨਸ਼ਨ ਲਾਵੇ ਤੇ ਹੋਰ ਬਣਦੀਆਂ ਸਹੂਲਤਾਂ ਦੇਵੇ। ਖੈਰ, ਸਰਕਾਰ ਵਿਚਾਰੀ ਕੀ ਕਰੇ। ਅਜੇ ਤਾਂ ਉਹਦੀ ਪੈਨਸ਼ਨ ਨੂੰ ਉਡੀਕਦੇ ਕਈ ਨੱਬੇ-ਨੱਬੇ, ਸੌ -ਸੌ ਸਾਲ ਦੇ ਫਰੀਡਮ ਫਾਈਟਰ ਮੰਜੀਆਂ ਤੇ ਬੀਮਾਰ ਪਏ ਮੌਤ ਨਾਲ ਘੁਲਦੇ ਅੱਡੀਆਂ ਰਗੜ ਰਹੇ ਹਨ। ਸਾਡੀ ਸਰਕਾਰ ਤਾਂ ਹੌਲੀ ਹੌਲੀ ਸਰੋਕਦੀ ਹੈ। ਤੇਜ਼ ਦੌੜਨ ਨਾਲ ਸਰਕਾਰ ਦਾ ਦਮ ਉੱਖੜ ਜਾਂਦਾ ਹੈ। ਸ਼ਾਇਦ ਤੁਹਾਡੀ ਵਾਰੀ ਵੀ ਕਿਸੇ ਦਿਨ ਆ ਜਾਵੇ, ਅਜੇ ਕੁੱਝ ਸਬਰ ਤੋਂ ਕੰਮ ਲਵੋ।

ਸੁਆਲ : ਇਹ ਦੱਸੋ , ਕੀ ਤੁਸੀਂ ਬਾਕਾਇਦਗੀ ਨਾਲ ਸੈਰ ਜਾਂ ਵਰਜਿਸ਼ ਵੀਕਰਦੇ ਹੋ? ਜੁਆਬ : 'ਮੈਂ ਉਚੇਚੇ ਤੌਰ ਤੇ ਵਰਜਿਸ਼ ਜਾਂ ਸੈਰ ਨਾ ਕੀਤੀ ਹੈ, ਨਾ ਹੁਣ ਹੀ ਕਰਦਾ ਹਾਂ ਤੇ ਨਾ ਹੀ ਅੱਗੋਂ ਲਈ ਕਰਾਂਗਾ। ਇਹਦੇ ਬੇਹੱਦ ਨੁਕਸਾਨ ਹੀ ਨੁਕਸਾਨ ਹਨ। ਇਹਦੇ ਬਾਰੇ ਮੈਂ ਜਲਦ ਖੋਜ ਕਰਕੇ ਇੱਕ ਵੱਡੀ ਪੁਸਤਕ ਲਿਖ ਰਿਹਾ ਹਾਂ। ਹਾਂ ਏਨਾ ਜ਼ਰੂਰ ਹੈ ਕਿ ਨੇੜੇ ਦੇ ਡਾਕਖਾਨੇ ਚਿੱਠੀ ਪੋਸਟ ਕਰਨੀ ਹੋਵੇ ਜਾਂ ਮੁੜ ਵਾਲੀ ਦੁਕਾਨ ਤੇ ਡਬਲ ਰੋਟੀ ਖਰੀਦਣੀ ਹੋਵੇ ਤਾਂ ਮੈਂ ਅੱਜ ਕੱਲ ਦੇ ਕੀਨਾਂ ਵਾਂਗ ਸਕੂਟਰ ਨਹੀਂ ਭਜਾਉਂਦਾ। ਆਪਣੀਆਂ ਲੱਤਾਂ ਤੋਂ ਹੀ ਕੰਮ ਲੈ ਲੈਂਦਾ ਹਾਂ। ਬਾਹਲੇ ਤੋਂ ਬਾਹਲਾਂ ਆਪਣੇ ਘਰ ਦੀ ਛੱਤ ਤੇ ਚੜ੍ਹ ਕੇ ਥੋੜਾ ਕੁ ਟਹਿਲ ਲੈਂਦਾ ਹਾਂ। ਆਸੇ ਪਾਸੇ ਦਾ ਨਜ਼ਾਰਾ ਤੇ ਕ ਕਾ ਲੈਂਦਾ ਹਾਂ। ਡੁੱਬਦਾ ਚੜ੍ਹਦਾ ਸੂਰਜ, ਉੱਡਦੇ , ਗਾਉਂਦੇ ਪੰਛੀ ਤੇ ਆਕਾਸ਼ ਵਿੱਚ ਵਿੱਛੇ ਤਾਰਿਆਂ ਦੇ ਫੁੱਲ ਵੇਖਣੇ ਮੇਰੀ ਕਮਜ਼ੋਰੀ ਹੈ।

ਸੁਆਲ : ' ਬੰਦੇ ਦੀ ਸਿਹਤ ਦਾ ਦਾਰੋਮਦਾਰ ਚੰਗੀ ਖੁਰਾਕ, ਸੈਰ ਤੇ ਵਰਜਿਸ਼ ਮਨ-ਪਸੰਦ ਰੁਝੇਵੇਂ ਤੇ ਉਹਦੇ ਜੀਵਨ ਦੀ ਨਦੀ ਵਿਚਾਰਧਾਰਾ ਤੋਂ ਹੁੰਦਾ ਹੈ। ਖੁਰਾਕ ਤੇ ਵਰਜਿਸ਼ ਵਾਲਾ ਤੁਹਾਡਾ ਪੱਖ ਤਾਂ ਸੁੱਕੇ ਗੰਨੇ ਵਾਂਗ ਸੁੱਕਾ ਹੀ ਪ੍ਰਤੀਤ ਹੁੰਦਾ ਹੈ। ਕੀ ਤੁਹਾਨੂੰ ਜੀਵਨ ਵਿੱਚ ਮਨਪਸੰਦ ਰੁਝੇਵਾਂ ਮਿਲਿਆ ਹੈ? ਤੁਹਾਡੀ ਵਿਚਾਰਧਾਰਾ ਕਿਹੋ ਜਿਹੀ ਹੈ? ਜੁਆਬ : ਜੀਵਨ ਵਿੱਚ ਅਸਾਂ ਜਿਹੜਾ ਵੀ ਰੁਝੇਵਾਂ ਚੁਣਿਆ ਉਹਨੂੰ ਮਨ-ਪਸੰਦ ਬਣਾ ਲਿਆ, ਔਖੇ ਸੌਖੇ। ਪਹਿਲਾਂ ਪਹਿਲ ਸੁਭਾਅ ਬੜਾ ਨਰਮ ਤੇ ਸੰਵੇਦਨਸ਼ੀਲ ਸੀ। ਨਿੱਕੀ ਨਿੱਕੀ ਗੱਲ ਮਨ 'ਚ ਇਉਂ ਖੁੱਭ ਜਾਣੀ ਜਿਵੇਂ ਕਾਗਜ਼ ਵਿੱਚ ਪਿੰਨ, ਇਹਦਾ ਸਿਹਤ ਤੇ ਬੁਰਾ ਅਸਰ ਪਿਆ। ਹੌਲੀ ਹੌਲੀ ਮਨ ਨੂੰ ਮਜ਼ਬੂਤ ਕੀਤਾ। ਇਹਨੂੰ ਮਜ਼ਬੂਤ ਕਰਨ ਵਿੱਚ ਕਈ ਦਹਾਕੇ ਲੱਗੇ। ਕਈ ਪ੍ਰਭਾਵ ਪਏ । ਸੁਆਲ : "ਮਨ ਨੂੰ ਮਜ਼ਬੂਤ ਬਣਾਉਣ ਵਾਲੇ ਉਹ ਪ੍ਰਭਾਵ ਤੁਸੀਂ ਕਿੱਥੋਂ ਗਹਿਣੇ ਕੀਤੇ? ਜੁਆਬ : ਪਹਿਲਾਂ ਤਾਂ ਸਾਨੂੰ ਇਹ ਵਹਿਮ ਸੀ ਕਿ ਖ਼ਬਰੇ ਆਕਾਸ਼ ਸਾਡੇ ਸਿਰ ਤੇ ਹੀ ਕਾਇਮ ਏ, ਜੇ ਅਸੀਂ ਇਹਨੂੰ ਸਹਾਰਾ ਨਾ ਦਿੱਤਾ ਤਾਂ ਸ਼ਾਇਦ ਇਹਟੁੱਟੇ ਹੋਏ ਟੋਕਰੇ ਵਾਂਗ ਟੁੱਟ ਕੇ ਖਿੱਲਰ ਜਾਵੇਗਾ। ਜਦ ਪਤਾ ਲੱਗਾ ਕਿ ਸਰੀ ਦੇ ਦਾਣਿਆਂ ਦਾ ਐਵਰੈਸਟ ਜੇਡਾ ਢੇਰ ਲਗਾ ਦੇਈਏ ਤਾਂ ਸਾਡੀ ਧਰਤੀ ਦੀ ਹਸਤੀ ਬ੍ਰਹਿਮੰਡ ਵਿੱਚ ਕੇਵਲ ਇੱਕ ਦਾਣੇ ਸਮਾਨ ਹੈ, ਤੇ ਇਹੋ ਜਿਹੇ ਤੇ ਇਸ ਤੋਂ ਵੀ ਬੇਹੱਦ ਵਿਸ਼ਾਲ ਹਿਮੰਡ ਅਨੇਕਾਂ ਹੋਰ ਹਨ। ਫਿਰ ਇਸ ਧਰਤੀ ਨੂੰ ਜੋ ਦਾਣਿਆਂ ਦੇ ਭਰੇ ਇੱਕ ਘੜੇ ਨਾਲ ਤੁਲਨਾ ਦਈਏ ਤਾਂ ਸਾਡੀ ਹਸਤੀ ਫਿਰ ਉਹਦੇ ਇੱਕ ਦਾਣੇ ਤੋਂ ਵੀ ਘੱਟ ਹੈ। ਬੱਸ ਫੇਰ ਅਸਾਂ ਧਰਤੀ

ਤੋਂ ਬ੍ਰਹਿਮੰਡ ਦਾ ਫਿਕਰ ਕਰਨਾ ਛੱਡ ਦਿੱਤਾ। ਜੇ ਇਹ ਘੁੰਮਦੀ ਹੈ ਤਾਂ ਪਈ ਘੁੰਮੇ, ਰੁਕਦੀ ਏ ਤਾਂ ਪਈ ਰੁਕੇ। ਅਸੀਂ ਫਿਕਰ ਕਿਉਂ ਕਰੀਏ? ਅਸੀਂ ਆਪਣਾ ਵਿਕਰ ਕਰਨਾ, ਤੇ ਆਪਣਾ ਭਾਰ ਚੁੱਕਣਾ ਠੀਕ ਸਮਝਿਆ। ਦੇਸ਼ ਦੇ ਮਹਾਨ ਲੀਡਰਾਂ ਤੋਂ ਵੀ ਸਾਨੂੰ ਬਹੁਤ ਨਾ ਮਿਲੀ ਹੈ। ਸੁਆਲ : ਲੀਡਰਾਂ ਤੋਂ ਤੁਹਾਨੂੰ ਕਿਸ ਪ੍ਰਕਾਰ ਦੀ ਪ੍ਰੇਰਨਾ ਮਿਲੀ? ਜੁਆਬ : ਪ੍ਰੇਰਨਾ ਇਹੀ ਕਿ ਦੁਨੀਆਂ ਭੁੱਕਦੀ ਹੈ ਤਾਂ ਭੁੱਕਦੀ ਰਹੇ। ਤੁਸੀਂ ਕਿਸੇ ਦੀ ਬਿਲਕੁਲ ਪ੍ਰਵਾਹ ਨਾ ਕਰੋ। ਆਪਣੇ ਵਿੱਚ ਸਖ਼ਤ ਜਾਨ ਹੋਣ ਤੋਂ ਕੁੱਝ ਕੁੱਝ ਢੀਠਤਾਈ ਦੇ ਗੁਣ ਪੈਦਾ ਕਰੋ ਵਰਨਾਂ ਦੁਨੀਆਂ ਵਿੱਚ ਇਕ ਨਹੀਂ ਪਾਉਗੇ। ਸੁਆਲ : ਤੁਸੀਂ ਰਾਜਸੀ ਲੁੱਕਾਂ ਵਾਂਗ ਗੋਲ ਮੋਲ ਗੱਲਾਂ ਕਰਕੇ ਟਰਕਾ ਰਹੇ ਹੋ। ਆਪਣੀ ਸਿਹਤ ਬਾਰੇ ਅਸਲੀ ਭੇਤ ਤੁਸਾਂ ਜ਼ਾਹਿਰ ਨਹੀਂ ਹੋਣ ਦਿੱਤਾ। ਤੁਸੀਂ ਜ਼ਰੂਰ ਸੋਨੇ ਚਾਂਦੀ ਦਾ ਕੋਈ ਕੁਸ਼ਤਾ ਖਾਂਦੇ ਹੋਵੋਗੇ? ਘਾਹ ਫੂਸ ਖਾ ਕੇ ਕੋਈ ਬੰਦਾ ਕਿੰਨਾ ਕੁ ਤੰਦਰੁਸਤ ਰਹਿ ਸਕਦਾ ਹੈ? ਜੁਆਬ : ਮੈਂ ਕੋਈ ਕੁਸ਼ਤਾਂ ਵਗੈਰਾ ਨਹੀਂ ਖਾਂਦਾ, ਨਾ ਹੀ ਮੁਰਾਰਜੀ ਵਾਲਾ ਜੀਵਨ ਜਲ ਹੀ ਛਕਦਾ ਹਾਂ। ਤੁਸਾਂ ਮੈਨੂੰ ਪੰਜਾਬ ਪੁਲਿਸ ਵਾਂਗ ਘੇਰਾ ਪਾ ਹੀ ਲਿਆ ਹੈ ਤਾਂ ਸੱਚ ਸੱਚ ਬਿਆਨ ਦਰਜ ਕਰਾਉਂਦਾ ਹਾਂ। ਮੈਂ ਆਪਣੀ ਪ੍ਰਾਣ ਪਿਆਰੀ ਪਤਨੀ ਦੀਆਂ ਝਿੜਕਾਂ ਹਰ ਰੋਜ਼ ਦੇਸੀ ਘਿਉ ਦੇ ਘੁੱਟਾਂ ਵਾਂਗ ਪੀ ਜਾਂਦਾ ਹਾਂ। ਇਹਦੇ ਨਾਲ ਮੈਨੂੰ ਬਤ ਤਾਕਤ ਮਿਲਦੀ ਏ। ਮੇਰੀ ਬਰਦਾਸ਼ਤ ਸ਼ਕਤੀ ਤੇ ਢੀਠਤਾਈ ਵਿੱਚ ਅੰਤਾਂ ਦਾ ਵਾਧਾ ਹੋਇਆ ਹੈ। ਹੋਰ ਕਿਸੇ ਟਾਨਿਕ ਜਾਂ ਵਿਟਾਮਿਨ ਦੀ ਭੁੱਲ ਕੇ ਵੀ ਕਦੇ ਲੋੜ ਨਹੀਂ ਪਈ। ਸਾਡੇ ਦੇਸ਼ ਭਗਤਾਂ ਨੇ ਕਦੇ ਉਚਾ ਨਾਅਰਾ ਬੁਲੰਦ ਕੀਤਾ ਸੀ : 'ਤੇਗ ਕੇ ਸਾਏਂ ਮੇਂ ਪਲ ਪਲ ਕਰ ਜਵਾਂ ਹੁਏ ਹੈਂ ਇੱਕ ਖੇਲ ਜਾਨਤੇ ਹੈਂ ਫਾਂਸੀ ਪੇ ਝੁਲ ਜਾਨਾ।'

ਅਸੀਂ ਝਿੜਕਾਂ ਖਾ ਖਾ ਕੇ ਏਨਾ ਜੁਆਨ ਹੋਏ ਹਾਂ ਕਿ ਬੁਲੰਦ ਆਵਾਜ਼ ਇਹ ਨਾਅਰਾ ਲਾਉਣ ਨੂੰ ਜੀ ਕਰਦਾ ਹੈ : 'ਝੂਠ ਨਹੀਂ ਦੋਸਤੋ, ਸੱਚ ਦੀ ਆਵਾਜ਼ ਹੈ। ਢੀਠਤਾਈ ਵਿੱਚ ਹੀ ਸਿਹਤ ਮਿਰੀ ਦਾ ਰਾਜ਼ ਹੈ।'

9878381474

****

ਸਫ਼ਾ 26 ਦਾ ਬਾਕੀ

ਬਾਈਕਾਟ ਦੇ ਫ਼ਤਵੇ ਬੇਅਸਰ ਫੇਰੇਦਾਰਾਂ ਵਲੋਂ ਜ਼ਿਲਾ ਦਫ਼ਤਰਾਂ ਦੇ ਇੰਚਾਰਜਾਂ ਦੀ ਕੁਟਮਾਰ, ਫਰਨੀਚਰ ਦੀ ਭੰਨਤੋੜ ਕਰ ਕੇ ਲੱਖਾਂ ਦਾ ਨੁਕਸਾਨ, ਸਪੋਕਸਮੈਨ ਲਈ ਸੰਤ ਵੇਸਣ । ਮੁੱਖ ਸੰਪਾਦਕ ਅਤੇ ਲੇਖਕਾਂ ਤੇ ਮੁਕੱਦਮੇ । ਕੋਈ ਪ੍ਰਵਾਹ ਨਹੀਂ । ਸਰਕਾਰੀ ਇਸ਼ਤਿਹਾਰ ਬੰਦ । ਸਪੋਕਸਮੇਨ ਪਾਏ ਦਾ ਲੰਗ ਨੀਸਤ ਮੁਲਕੇ ਖ਼ੁਦਾ ਤੰਗ ਨੀਸਤ ਕਹਿ ਕ ਅੰਗ ਹੀ ਵਧਦਾ ਰਿਹਾ । ਸਪੋਕਸਮੈਨ ਅਪਣੀ ਕਿਆਮਤ ਦੀ ਖੋਜ਼ੀ ਰਫ਼ਤਾਰ ਨਾਲ ਪੁਲਾਂਘਾਂ ਪੁਟਦਾ, ਅੰਗ ਹੀ ਅੱਗੇ ਵੱਧ ਰਿਹਾ ਹੈ । ਹੁਣ ਸਪੋਕਸਮੈਨ ਪਵਾਰ ਨੇ ਇਕ ਨਵੇਂ ਇਨਕਲਾਬੀ ਬੂਟੇ ਨੂੰ ਜਨਮ ਦਿਤਾ ਹੈ ਅਤੇ ਉਸ ਬੂਟੇ ਦਾ ਨਾਮ ਹੈ ' ਏਕਸ ਕੇ ਬਾਰ ਤਨਜ਼ੀਮ । ਇਹ ਤਨਜ਼ੀਮ ਇਹ ਨਿਸ਼ਚਾ ਲੈ ਕੇ ਉਨੀ ਹੈ ਕਿ ਬਾਬੇ ਨਾਨਕ ਦੀ ਇਨਕਲਾਬੀ ਧੁਰ ਕੀ ਬਾਣੀ ਨੂੰ ਸਾਰੇ ਜਗਤ ਵਿਚ ਪ੍ਰਚਾਰਨਾ ਹੈ । ਮੁੱਖ ਸੰਪਾਦਕ ਜੋਗਿੰਦਰ ਸਿੰਘ ਅਤੇ ਬੀਬੀ ਜਗਜੀਤ ਕੌਰ ਆਪ ਸੂਰਜ ਅਤੇ ਚੰਨ ਵਾਂਗਰ ਜਗਮਗ ਕਰ ਰਹੇ ਹਨ ਤਾਕਿ ਸੰਸਾਰ ਨੂੰ ਰੋਸ਼ਨੀ ਮਿਲੇ । ਸਕਸਮੈਨ ਦੇ ਲੱਖਾਂ ਪਾਠਕ ਇਸ ਸੂਰਜ ਅਤੇ ਚੰਨ ਤੇ ਰੋਸ਼ਨੀ ਲੈ ਕੇ ਚਮਕਦੇ ਸਿਤਾਰੇ ਬਣ ਕੇ ਏਹਸ ਕੇ ਬਾਰਕ ਵਿਚ ਯਥਾ ਯੋਗ ਅਪਣਾ ਹਿੱਸਾ ਪਾ ਰਹੇ ਹਨ ਅਤੇ ਮੈਨੂੰ ਪੂਰੀ ਉਮੀਦ ਹੈ ਕਿ ਅਸੀ ਅਪਣੀ ਜ਼ਿੰਦਗੀ ਵਿਚ ਅਪਣੇ ਸੁਪਨਿਆਂ ਨੂੰ ਸਾਕਾਰ ਹੁੰਦੇ ਵੇਖਾਂਗੇ । ' ਉੱਚਾ ਦਰ ਬਾਬੇ ਨਾਨਕ ਦਾ ਬਹੁਤ ਛੇਡੀ ਤਾਮੀਰ ਹੋ ਜਾਵੇਗਾ ਅਤੇ ਇਸ ਦੀ ਰੋਸ਼ਨੀ ਨਾਲ ਬਾਬੇ ਨਾਨਕ ਦੀ ਇਨਕਲਾਬੀ ਧੁਰ ਕੀ ਬਾਣੀ ਸੰਸਾਰ ਦੇ ਕੋਨੇ ਕੋਨੇ ਵਿਚ ਵੇਲ ਕੇ ਸੰਸਾਰ ਨੂੰ ਸਵਰਗ ਬਣਾ ਦੇਵੇਗੀ । ਬਾਬੇ ਨਾਨਕ ਦਾ ਦਰ ਸੱਭ ਤੋਂ ਉਚਾ ਹੈ ਤੇ ਉਚਾ ਹੀ ਰਹੇਗਾ । ਇਸ ਤੋਂ ਉਚਾ ਚੋਈ ਹੋਰ ਦਰ ਨਹੀਂ ਹੋ ਸਕਦਾ ।

(ਰੋਜ਼ਾਨਾ ਸਪੋਕਸਮੈਨ ਦੇ 17 ਅਕਤੂਬਰ , 2008 ਦੇ ਅੰਕ ਵਿਚ ।

****

ਮਿੰਨੀ ਕਹਾਣੀ



ਬੋਲੀ

-ਰਣਜੀਤ ਆਜ਼ਾਦ ਕਾਂਝਲਾ

ਭਿਖਾਰਨ ਦੀ ਪੰਜ ਕੁ ਸਾਲ ਦੀ ਧੀ ਨੇ ਪੇਟ - ਮੂੰਹ ' ਤੇ ਹੱਥ ਰੱਖ ਕੇ ਤੇਜ਼ ਲੱਗੀ ਭੁਖ ਦਾ ਪ੍ਰਗਟਾਵਾ ਕਰਦੇ ਕਿਹਾ , ' ਮਾਂ ...!..ਰੋਟੀ ...!!' ਮਸਾਂ ਹੀ ਬੋਲ ਸਕੀ !

ਮਾਂ ਵੱਡੇ ਦਰਵਾਜ਼ੇ ਦੇ ਮੂਹਰੇ ਖੜ੍ਹੀਆਂ ਕਾਰਾਂ ਵੱਲ ਵੇਖ ਤੇ ਅੱਖਾਂ ਵਿਚ ਚਮਕ ਲਿਆਉਂਦੀ ਬੋਲੀ , ' ਚਲ ! ਭੁੱਖੀ ! ਔਹ ਘਰੇ ! ਕੁਝ ਨਾ ਕੁਝ ਤੈਨੂੰ ਮਿਲ 'ਜੂਗਾ ਖਾਣ ਵਾਸਤੇ , ' ਐਨਾ ਕਹਿ ਉਹ ਬੱਚੀ ਨੂੰ ਉਂਗਲੀ ਲਾ ਟੂਰ ਪਈ ! ਹੌਲੀ ਹੌਲੀ ਕਦਮ ਪੁਟਦੇ ਉਹ ਉਸ ਦਰ ਅੱਗੇ ਜਾ ਬੋਲੀ ' ਭਾਗਾਂ ਵਾਲੀਏ ! ਭਰਾਵਾਂ ਵਾਲੀਏ ! ਉਚੇ ਦਰਾਂ ਵਾਲੀਏ ! ਕੋਈ ਇਕ ਅੱਧੀ ਬਾਸੀ ਬਚੀ - ਖੁਚੀ ਰੋਟੀ ਦਾ ਟੁਕਰ ਦੇ ਦੇਹ ! ਬੱਚੀ ਨੂੰ ਭੁੱਖ ਬਹੁਤ ਲੱਗੀ ਐ ! ਰੱਬ ਤੁਹਾਨੂੰ ਰਾਜ਼ੀ ਖੁਸ਼ੀ ਰੱਖੇ ! ਰੰਗ ਭਾਗ ਲੱਗੇ ਰਹਿਣ ! ਲੰਬੜਦਾਰਨੀਏ !! ਸਰਦਾਰੀਆਂ ਬਣੀਆਂ ਰਹਿਣ !!....!!' ਕਿੰਨੀ ਹੀ ਦੇਰ ਉਹ ਇਹ ਸ਼ਬਦ ਅਪਣੀ ਮਿਠੀ ਜ਼ੁਬਾਨ ' ਚੋਂ ਬੋਲਦੀ ਰਹੀ !

ਕਾਫੀ ਦੇਰ ਪਿੱਛੋਂ ਇਕ ਪ੍ਰਾਣੀ ਬਾਹਰ ਆਇਆ ਜ਼ੋ ਉਹਨਾ ਦਾ ਨੌਕਰ ਸੀ , ਬੋਲਿਆ , ' ਤੁਸੀਂ ਅੱਗੇ ਚਲੇ ਜਾਉ ! ਅੱਜ ਏਥੇ ਮਹਿਮਾਨ ਆਏ ਹੋਏ ਨੇ ! ਕਿਸੇ ਅਗਲੇ ਘਰ ਜਾ ਮੰਗੋ !...!! ' ਐਨਾ ਸੁਣਦਿਆਂ ਹੀ ਧੀ ਤੇ ਮਾਂ ਦੀਆਂ ਅੱਖਾਂ ਵਿਚ ਆਸ ਦੀ ਚਮਕ ਉਭਰੀ ਤੇ ਕੁਝ ਧਰਵਾਸ ਕਰਦੀ ਭਿਖਾਰਣ ਦੁਵਾਰਾ ਬੋਲੀ , ' ਭਾਗਾਂ ਵਾਲੀਏ ! ਤੇਰੇ ਬੱਚੇ ਜਿਉਂਦੇ ਰਹਿਣ ! ਏਸ ਭੁੱਖੀ ਬੱਚੀ ਨੂੰ ਕੁਝ ਨਾ ਕੁਝ ਖਾਣ ਲਈ ਦੇ ਦਿਉ ! ਰੱਬ ਤੁਹਾਡਾ ਭਲਾ ਕਰੇ ! ਵੱਸਦੇ ਰਹਿਣ ਦੁਆਰੇ ਤੇਰੇ ਭਾਗਾਂ ਭਰੀਏ !...!! '

ਉਹ ਕਿੰਨੀ ਦੇਰ ਏਦਾਂ ਹੀ ਗੁਣਗਾਣ ਕਰਦੀ ਰਹੀ ਪਰ ਕੁਝ ਵੀ ਪੱਲੇ ਨਾ ਪੈਂਦਾ ਵੇਖ ਉਹ ਵਾਪਸ ਮੁੜਦੀ ਰਸਤੇ ਦੇ ਲਾਗੇ ਉਸੇ ਘਰ ਦੀ ਖਿੜਕੀ ਕੋਲ ਦੀ ਲੰਘਣ ਲੱਗੀ ਤਾਂ ਭਿਖਾਰਣ ਦੇ ਕੰਨੀ ਭਿਣਕ ਪਈ , ' ਦੇਖ਼ 'ਲੋ ਭੈਣ ਜੀ ! ਲੜਕਾ ਐਨਾ ਪੜ੍ਹਿਆ ਲਿਖਿਆ , ਸੋਹਣਾ ਬਣਦਾ ਫੱਬਦਾ ਹੈ ! ਦਾਜ਼ ਵਿਚ ਤੀਹ ਤੋਲੇ ਸੋਨਾ ,ਵੱਡੀ ਕਾਰ ਤੇ ਹੋਰ ਨਿੱਕ - ਸੁੱਕ ਤਾਂ ਕਰਨਾ ਪੈਣਾ ਹੀ ਹੈ ! ਤੇ ਨਾਲੇ ਬਾਰਾਤ ਦੀ ਸੇਵਾ ਵੀ ਪੂਰੀ ਕਰਨੀ ਈ ਪੈਣੀ ਐ..ਜੀ ...!!' ਕਾਫੀ ਕੁਝ ਚਰਚਾ 'ਚ ਬੋਲਿਆ ਸੁਣਦਿਆਂ ਭਿਖਾਰਣ ਅਪਣੀ ਧੀ ਦੀ ਉਂਗਲੀ ਫੜ੍ਹਦੀ ਬੋਲੀ , ' ਚੱਲ ਕੁੜੀਏ ! ਕਿਸੇ ਹੋਰ ਦਾ ਦਰ ਖੜਕਾਉਂਦੇ ਆਂ , ਏਥੇ ਕੋਈ ਬੁਰਕੀ ਨੀ ਮਿਲਣੀ ਤੈਨੂੰ ! ਇਹ ਘਰ ਵਾਲੇ ਤਾਂ ਆਪ ਧਨ ਦੇ ਬਹੁਤੇ ਭੁੱਖੇ - ਲਾਲਚੀ ਨੇ ਤੇ ਆਪਾਂ ਤਾਂ ਫੇਰ ਵੀ ਪੇਟ ਦੇ ਭੁੱਖੇ ਇਹਨਾ ਤੋਂ ਕਿਤੇ ਉੱਚੇ ਆਂ ! ਇਹ ਤਾਂ ਅਪਣੇ ਪੁੱਤਰ ਦੀ ਪਸ਼ੂਆਂ ਦੀ ਮੰਡੀ 'ਚ ਵਿਕਦੀ ਵਸਤੂ ਵਾਂਗ ਬੋਲੀ ਲਾ ਰਹੇ ਨੇ !

9464697781.

****

ਸਫ਼ਾ 38 ਦਾ ਬਾਕੀ

ਹਾਂ, ਪਰ ਜੇ ਮੈਂ ਉਹ ਤੰਦ ਛੋਹ ਲਈ ਤਾਂ ਇਹ ਦਸਤਾਵੇਜ਼ ਬਹੁਤ ਲੰਮੇਰਾ ਹੋ ਜਾਵੇਗਾ। ਆਖਿਰ ਵਿੱਚ ਕੁਝ ਖਾਸ ਗੱਲਾਂ, ਜਿਨ੍ਹਾਂ ਨੂੰ ਦੱਸਣ ਲਈ ਮੇਰਾ ਮਨ ਉਸਲਵੱਟੇ ਲੈ ਰਿਹਾ ਹੈ, ਉਹ ਇਹ ਕਿ ਸੱਚ ਬੋਲਣ ਵਾਲਿਆਂ ਦੀ ਉਹ ਕਦਰ ਕਰਦੇ ਹਨ, ਝੂਠਿਆਂ ਨੂੰ ਦਰਕਿਨਾਰ। ਸੁੱਚੀ ਕਿਰਤ ਕਰਨ ਵਾਲਿਆਂ ਲਈ ਦਿਲ ਵਿਚ ਪਿਆਰ ਹੈ, ਹੱਡ-ਹਰਾਮਾਂ ਲਈ ਤ੍ਰਿਸਕਾਰ। ਉਨ੍ਹਾਂ ਲਈ ਲੋੜਵੰਦਾਂ ਦੀ ਸਹਾਇਤਾ ਕਰਨਾ ਹੀ ਧਰਮ ਤੇ ਪੁੰਨ ਦਾ ਕਾਰਜ ਹੈ। ਉਨ੍ਹਾਂ ਵਲੋਂ ਅੱਧੀ ਸਦੀ ਤੋਂ ਵੱਧ ਦੀ ਕੀਤੀ ਪੰਜਾਬੀ ਸਾਹਿਤ ਦੀ ਘਾਲ-ਕਮਾਈ, ਸਾਡੇ ਖਾਨਦਾਨ ਲਈ ਗੌਰਵਮਈ ਹੈ।

****

ਕਾਵਿ-ਕਿਆਰੀ

ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ



ਸਰਦਾਰ ਪੰਛੀ

ਹੱਥ ਵਿੱਚ ਖੰਡਾ ਲੈ ਕੇ ਅੱਗੇ ਵਧਦਾ ਜਾਂਦਾ ਹੈ।
ਸੀਸ ਤਲੀ ਤੇ ਧਰਕੇ ਸੂਰਮਾ ਲੜਦਾ ਜਾਂਦਾ ਹੈ।

ਜੋ ਕੀਤਾ ਸੰਕਲਪ ਏਸ ਨੇ ਉਹਨੂੰ ਪਗਾਉਂਦਾ ਹੈ।
ਜਾਨ ਜਾਏ ਤਾਂ ਜਾਏ ਐਪਰ ਵਚਨ ਨਿਭਾਉਣਾ ਹੈ।
ਗੋਬਿੰਦ ਸਿੰਘ ਦਾ ਸ਼ੇਰ ਪੌੜੀਆਂ ਚੜ੍ਹਦਾ ਜਾਂਦਾ ਹੈ।
ਸੀਸ ਤਲੀ ਤੇ ਧਰਕੇ ਸੂਰਮਾ ਲੜਦਾ ਜਾਂਦਾ ਹੈ।

ਦੋ ਧਾਰੇ ਖੰਡੇ ਦੀ ਵੇਖੋ ਧਾਰ ਵੀ ਤਿੱਖੀ ਹੈ।
ਜੰਗ ਦੇ ਅੰਦਰ ਜੋਧੇ ਦੀ ਰਫ਼ਤਾਰ ਵੀ ਤਿੱਖੀ ਹੈ।
ਕਦਮ ਕਦਮ ਤੇ ਇਕ ਜੈਕਾਰਾ ਛੱਡਦਾ ਜਾਂਦਾ ਹੈ।
ਸੀਸ ਤਲੀ ਤੇ ਧਰਕੇ ਸੂਰਮਾ ਲੜਦਾ ਜਾਂਦਾ ਹੈ।

ਹਰਿਮੰਦਰ ਤੇ ਕਬਜ਼ਾ ਇਨ੍ਹਾਂ ਦਾ ਰਹਿਣ ਨਹੀਂ ਦੇਣਾ।
ਧਾੜਵੀਆਂ ਨੂੰ ਆਪਾਂ ਟਿਕ ਕੇ ਬਹਿਣ ਨਹੀਂ ਦੇਣਾ।
ਸੰਤ ਸਿਪਾਹੀ ਗੁਰਬਾਣੀ ਵੀ ਪੜ੍ਹਦਾ ਜਾਂਦਾ ਹੈ।
ਸੀਸ ਤਲੀ ਤੇ ਧਰਕੇ ਸੂਰਮਾ ਲੜਦਾ ਜਾਂਦਾ ਹੈ।

ਅੰਮ੍ਰਿਤ ਲਿਆ ਹੈ, ਸਿਰ ਦੇਕੇ ਲਈ ਸਰਦਾਰੀ ਹੈ।
ਜਾਨ ਪਿਆਰੀ ਹੈ ਨਹੀਂ ਅਸਾਂ ਨੂੰ ਅਣਖ ਪਿਆਰੀ ਹੈ।
ਸੁਣ ਕੇ ਇਹ ਲਲਕਾਰ ਹੀ ਦੁਸ਼ਮਨ ਭੱਜਦਾ ਜਾਂਦਾ ਹੈ।
ਸੀਸ ਤਲੀ ਤੇ ਧਰਕੇ ਸੂਰਮਾ ਲੜਦਾ ਜਾਂਦਾ ਹੈ।

ਜੰਗ ਵਿੱਚ ਜਿੱਤ ਨਹੀਂ ਸਕਦਾ ਕੋਈ ਸਰਦਾਰਾਂ ਨੂੰ।
ਇਕ ਹੀ ਬਾਜ਼ ਬਥੇਰਾ ਹੈ ਚਿੜੀਆਂ ਦੀਆਂ ਡਾਰਾਂ ਨੂੰ।
ਵੇਖ ਕਲੇਜਾ ਅਬਦਾਲੀ ਦਾ ਸੜਦਾ ਜਾਂਦਾ ਹੈ।
ਸੀਸ ਤਲੀ ਤੇ ਧਰਕੇ ਸੂਰਮਾ ਲੜਦਾ ਜਾਂਦਾ ਹੈ।

9417091668

ਖ਼ਤ



ਹਰਬੰਸ ਸਿੰਘ ਸ਼ਾਨ

ਲਿਖਾਂ ਸਾਰਾ ਹਾਲ ਵਿੱਚ ਖਤ ਰਵੀਦਾਸ ਜੀ।
ਫੇਰ ਫੈਲੀ ਏਥੇ ਮਨਮਤਿ ਰਵੀਦਾਸ ਜੀ।
ਮੂਰਤੀ ਪੂਜਾ ਤੋਂ ਜਿਹੜੇ ਕੀਤੇ ਤੁਸੀਂ ਦੂਰ 'ਤੀ।
ਉਹੀ ਲੋਕ ਪੂਜਦੇ ਬਣਾਕੇ ਤੁਹਾਡੀ ਮੂਰਤੀ।
ਛੱਡਦੇ ਨਾ ਭੈੜੀ ਇਹ ਲਤ ਰਵੀਦਾਸ ਜੀ। ਫੇਰ .....
ਥੋਡੇ ਸਿਰੋਂ ਪੱਗ ਲਾਹੁੰਦੇ ਭੋਰਾ ਵੀ ਨਾ ਸੰਗਦੇ।
ਰੰਗ ਭਗਵੇਂ ਵਿੱਚ ਥੋਨੂੰ ਸ਼ਰੇਆਮ ਰੰਗਦੇ।
ਪਾਂਡੇ ਪਿੱਛੇ ਲੱਗੇ ਚੁੱਕੀ ਅੱਤ ਰਵੀਦਾਸ ਜੀ। ਫੇਰ .....
ਸਮਝੇ ਨਾ ਅੱਜ ਤੱਕ ਬਿਪਰਾਂ ਦੀ ਚਾਲ ਨੂੰ।
ਜਾਦੂਮਈ ਕਹਾਣੀਆਂ ਦੇ ਵਿਛੇ ਹੋਏ ਜਾਲ ਨੂੰ।
ਖੁਰੀਂ ਵੜੀ ਬੁੜ੍ਹਿਆਂ ਦੀ ਮੱਤਿ ਰਵੀਦਾਸ ਜੀ। ਫੇਰ .....
ਪਾਂਡੇ ਨੇ ਸਮਾਜ ਤੇਰਾ ਛੱਜ ਪਾ ਕੇ ਛੱਡਿਆ।
ਹਰਿ, ਸੋਹਿ, ਆਦਿ ਧਰਮਾਂ ਦੇ ਵਿੱਚ ਵੰਡਿਆ।
ਦੂਰ ਕੀਤੀ ਦਿਲੋਂ ਅਪਣੱਤ ਰਵੀਦਾਸ ਜੀ। ਫੇਰ .....
ਥੋਡਿਆਂ ਵਿਚਾਰਾਂ ਨੂੰ ਇਹ ਦੇ ਗਏ ਤਿਲਾਂਜਲੀ।
ਬਿਪਰੀ ਵਿਚਾਰਾਂ ਦੀ ਇਹ ਗਾਉਂਦੇ ਨੇ ਗੀਤਾਜਲੀ।
ਜਿਹੜਾ ਨਿਰਾ ਕੂੜ ਤੇ ਕੁਸੱਤ ਰਵੀਦਾਸ ਜੀ। ਫੇਰ .....
ਕੀਤੀ ਥੋਡੀ ਹੱਤਿਆ ਸੀ ਜਿਸ ਮੰਨੂਵਾਦ ਨੇ।
ਥੋਡੇ ਘਰੇ ਉਸੇ ਦਾ ਵਜਾਉਣ ਲੱਗੀ ਨਾਦ ਨੇ।
ਉਹਦੇ ਇਹ ਗੁਲਾਮ ਸਰਬੱਤ ਰਵੀਦਾਸ ਜੀ। ਫੇਰ .....
ਬਗਲੀ ਦਾ 'ਸ਼ਾਨ' ਕਦੇ ਇਨ੍ਹਾਂ ਨੂੰ ਜਗਾਉਂਦਾ ਜੇ।
ਗੁਰਮਤਿ ਵਾਲਾ ਪਾਠ ਇਨ੍ਹਾਂ ਨੂੰ ਪੜ੍ਹਾਉਂਦਾ ਜੇ।
ਪੀਣੀ ਚਾਹੁੰਦੇ ਉਹਦੀ ਇਹ ਰੱਤ ਰਵੀਦਾਸ ਜੀ।
ਫੇਰ ਫੈਲੀ ਏਥੇ ਮਨਮਤਿ ਰਵੀਦਾਸ ਜੀ।

9417091668

ਵਿਅੰਗ ਚੌਕੇ



ਪ੍ਰੋ: ਜਸਵੰਤ ਸਿੰਘ ਕੈਲਵੀ

❋ ਧਰਮੀ ਕੌਣ ❋

ਧਰਮੀ ਉਹ, ਜੋ ਧਰਮ ਦੀ ਮਹਿਕ ਵੰਡੇ,
ਮਾਲ ਵੇਚਦਾ ਸਸਤੇ ਰੇਟ ਦਾ ਨਹੀਂ।
ਵਾਂਗ ਲਾਲੋ ਦੇ ਲਾਲ ਉਹ ਕਿਰਤ ਕਰਦਾ,
ਦੌਲਤ ਦੂਜੇ ਦੀ ਉਹ ਸਮੇਟਦਾ ਨਹੀਂ।
ਸੇਵਾਦਾਰ ਹੋ ਕੇ ਹੱਥੀਂ ਕਰੇ ਸੇਵਾ,
ਨਰਮ ਗੱਦਿਆਂ ਉੱਤੇ ਉਹ ਲੇਟਦਾ ਨਹੀਂ।
ਧਰਮੀ, ਕੈਲਵੀ ਰੱਬ ਦਾ ਰੂਪ ਹੁੰਦਾ,
ਕਾਹਦਾ ਧਰਮੀ? ਜੋ ਹਉਂ ਨੂੰ ਮੇਟਦਾ ਨਹੀਂ।

----- 0 -----

❋ ਇਹ ਕੈਸਾ ਰਾਜ ? ❋

ਕੈਸਾ ਰਾਜ, ਤੇ ਰਾਜ ਪ੍ਰਬੰਧ ਸਾਡਾ,
ਖੁਲ੍ਹ ਖੇਡਣ ਦੀ ਖੁਲ੍ਹ ਹੈ ਲੁੱਚਿਆਂ ਨੂੰ?
ਅਸੀਂ ਨੀਵਿਆਂ ਨੂੰ ਨੀਂਵਾਂ ਹੋਰ ਕਰੀਏ,
ਉੱਚਾ ਚੁੱਕਦੇ ਅਸੀਂ ਹਾਂ ਉੱਚਿਆਂ ਨੂੰ।
ਕਿਸ ਦਿਸ਼ਾ ਵਿੱਚ ਅਸਾਂ ਹੈ ਅੱਗੇ ਵੱਧਣਾ?
ਸਮਝ ਸੂਝ ਨਾ ਲੀਡਰਾਂ ਚੁੱਚਿਆਂ ਨੂੰ।
ਸੁੱਚੀ ਕਿਰਤ ਮਨੁੱਖ ਨੂੰ ਕਰੇ ਸੁੱਚਾ,
ਕਿਉਂ ਫਿਰ ਕੈਲਵੀ ਧੱਕੀਏ ਸੁੱਚਿਆਂ ਨੂੰ।

----- 0 -----

❋ ਤਰਦੀ ਰਾਜਨੀਤੀ ❋

ਭਾਰੀ ਵਿੱਚ ਪੰਜਾਬ ਦੇ ਹੜ੍ਹ ਆਏ,
ਵੇਖ ਸੁਣੀ ਹੈ ਤੁਸਾਂ ਸਭ ਹੋਈ ਬੀਤੀ।
ਫਸਲਾਂ ਘਰ, ਮਕਾਨ ਬਰਬਾਦ ਹੋਏ,
ਕਿਸੇ ਵਿਰਲੇ ਨੇ ਕਿਸੇ ਦੀ ਸਾਰ ਲੀਤੀ।
ਰੁੜ੍ਹੇ ਪਸ਼ੂ ਡੰਗਰ, ਡੁੱਬੇ ਮਰੇ ਬੰਦੇ,
ਹੜ੍ਹਾਂ ਵਿੱਚ ਵੀ ਰੁੜ੍ਹੀ ਨਾ ਬਦਨੀਤੀ।
ਵਿੱਚ ਹੜ੍ਹਾਂ ਦੇ ਡੁੱਬ ਗਈ ਚੀਜ਼ ਹਰ ਇੱਕ,
ਤਰਦੀ ਕੈਲਵੀ ਰਹੀ ਪਰ ਰਾਜਨੀਤੀ।

----- 0 -----

❋ ਜੀਹਦਾ ਢਿੱਡ ਵੱਡਾ ❋

ਜੀਹਦਾ ਢਿੱਡ ਵੱਡਾ, ਉਹਦੀ ਅਕਲ ਵੱਡੀ,
ਵੱਡੇ ਘੜੇ ਵਿੱਚ ਬਹੁਤਾ ਜਿਉਂ ਜਲ ਹੋਵੇ।
ਅੱਜ ਕੱਲ੍ਹ ਤਾਂ ਉਹ ਹੀ ਸੂਰਮਾ ਹੈ,
ਜੀਹਦੇ ਕੋਲ ਗੁੰਡੇ, ਬਾਹੂ ਬਲ ਹੋਵੇ।
ਮਿੱਠੀ ਮਿੱਠੀ ਜੋ ਬਾਤ ਸੁਣਾਵੇ,
ਸਾਨੂੰ ਉਹਦੀ ਬਾਤ ਵਿੱਚ ਲੁਕਿਆ ਛਲ ਹੋਵੇ।
ਜਾਨ ਦੇਵਾਂਗੇ ਕੈਲਵੀ ਹੱਸ ਹੱਸ ਕੇ,
ਖੂਨੀ ਭੀੜ 'ਚ ਸਾਥੋਂ ਨਾ ਰਲ ਹੋਵੇ।

----- 0 -----

❋ ਦੁਨੀਆਂ ਦਾ ਮੂੰਹ ❋

ਕਾਨੇ ਵਾਂਗ ਹੈ ਜੀਹਦਾ ਸਰੀਰ ਹੁੰਦਾ,
ਲੋਕੀਂ ਅੱਜ ਕਲ੍ਹ ਉਹਨੂੰ ਬਲਵਾਨ ਕਹਿੰਦੇ।
ਹੇਰਾ ਫੇਰੀ ਨਾਲ ਕੁਰਸੀ ਜੋ ਮੱਲ ਬਹਿੰਦਾ,
ਲੋਕੀਂ ਉਸਨੂੰ, ਲੀਡਰ ਮਹਾਨ ਕਹਿੰਦੇ।
ਤੁਸੀਂ ਦੁਨਿਆ ਦਾ ਮੂੰਹ ਨਹੀਂ ਫੜ ਸਕਦੇ,
ਭਿਖ ਮੰਗੇ ਨੂੰ ਲੋਕੀਂ ਧਨਵਾਨ ਕਹਿੰਦੇ।
ਅੱਖਰ ਇੱਕ ਨਾ ਕੈਲਵੀ ਵਾਂਗ ਜਾਣੇ,
ਲੋਕੀਂ ਉਸਨੂੰ ਵੱਡਾ ਵਿਦਵਾਨ ਕਹਿੰਦੇ।

----- 0 -----

9878381474

****

Registration No. R.N.I. CHAPUN/2010/33423, P.O. REGD. No CHD/0144/2020-22 Posted at M.B.U. CHD


ਜਥੇਦਾਰ ਬਖਸ਼ੀਸ਼ ਸਿੰਘ ਕਲੌੜ

ਲੋਹ ਪੁਰਸ਼ ਸ੍ਰ: ਬਖਸ਼ੀਸ਼ ਸਿੰਘ ਜਥੇਦਾਰ ਪਿੰਡ ਕਲੌੜ (ਨੰਦਪੁਰ) ਰਿਆਸਤ ਪਟਿਆਲਾ ਹੁਣ ਫਤਹਿਗੜ੍ਹ ਸਾਹਿਬ ਬਾਨੀ ਯਾਦਗਾਰ ਗਿਆਨੀ ਦਿੱਤ ਸਿੰਘ ਕਲੌੜ


ਸ. ਤੀਰਥ ਸਿੰਘ ਬੱਸਾ ਪਠਾਣਾਂ

ਜਨਮ

ਸ: ਅਜੀਤ ਸਿੰਘ ਪਿਤਾ ਤੇ ਮਾਤਾ ਵੀਰ ਕੌਰ (ਬੀਰੋ) ਦੀ ਕੁਖੋ 1901 ਈ: ਵਿੱਚ ਪਿੰਡ ਕਲੌੜ ਵਿਖੇ ਸ੍ਰ: ਬਖਸ਼ੀਸ਼ ਸਿੰਘ ਨੇ ਜਨਮ ਲਿਆ। ਇਹ ਤਿੰਨ ਭਰਾ ਸਨ। ਸ: ਲਛਮਣ ਸਿੰਘ, ਸ: ਬਖਸ਼ੀਸ਼ ਸਿੰਘ ਤੇ ਸ:ਰਾਮ ਸਿੰਘ। ਸ. ਬਖਸ਼ੀਸ਼ ਸਿੰਘ ਤੀਖਣ ਬੁੱਧੀ ਵਾਲੇ ਸਨ ਹਰ ਇਕ ਵਸਤੂ ਨੂੰ ਸਮਝਣ ਤੇ ਕਰਨ ਨੂੰ ਤੱਤ ਪਰ ਰਹਿੰਦੇ ਸਨ। ਛੋਟੀ ਉਮਰ ਵਿੱਚ ਹੀ ਵਿਦਿਆ ਪ੍ਰਾਪਤ ਕਰਨ ਲਈ ਭਾਈ ਜੀ ਸੌਣ ਸਿੰਘ ਜਿਸ ਦਾ ਮਕਾਨ ਧਰਮਸ਼ਾਲਾ ਦੇ ਸਾਹਮਣੇ ਨੇੜੇ ਖੂਹ ਕਲੌੜ ਵਿਖੇ ਸੀ ਪੜ੍ਹਨ ਲੱਗ ਗਿਆ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸ਼ੁੱਧ ਪਾਠ ਕਰਨ ਵਿੱਚ ਮਾਹਿਰ ਹੋ ਗਿਆ ਤੇ ਚੰਗਾ ਅਖੰਡ ਪਾਠੀ ਬਣ ਗਿਆ ਉਸ ਸਮੇਂ ਅਖੰਡ ਪਾਠੀ ਕੋਈ ਵਿਰਲਾ ਹੀ ਹੁੰਦਾ ਸੀ ਸ੍ਰ. ਹਜ਼ੂਰਾ ਸਿੰਘ ਪੁੱਤਰ ਸ: ਸਾਹਿਬ ਸਿੰਘ ਤੇ ਸ: ਪਿਆਰਾ ਸਿੰਘ ਪੁੱਤਰ ਸ: ਕਪੂਰ ਸਿੰਘ ਨੇ ਵੀ ਭਾਈ ਸੋਣ ਸਿੰਘ ਤੋਂ ਵਿਦਿਆ ਪ੍ਰਾਪਤ ਕਰਕੇ ਅਖੰਡ ਪਾਠੀ ਬਣੇ ਸਨ। ਸ੍ਰ. ਬਖਸ਼ੀਸ਼ ਸਿੰਘ ਮਾਤਾ ਠਾਕਰੀ ਦੇ ਗੁਰਦੁਆਰਾ ਸਾਹਿਬ ਜੋ ਕੇ ਕਲੌੜ ਨਗਰ ਦੇ ਵਿਚਕਾਰ ਸੀ ਜਾਂਦਾ ਰਹਿੰਦਾ ਸੀ। ਮਿੱਠ ਬੋਲੜਾ ਸੁਭਾ ਤੇ ਸਾਫ ਰਹਿਣੀ ਤੇ ਕਹਿਣੀ ਦੇ ਪੱਕੇ ਹੋਣ ਕਰਕੇ ਸਾਰੇ ਪਾਠੀ ਹੋਣ ਕਰਕੇ ਪਿਆਰ ਕਰਦੇ ਸਨ।

ਪਿਤਾ ਪੁਰਖੀ ਕੰਮ ਕਰਨ ਵਿੱਚ ਵੀ ਕਪੜੇ ਬੁਨਣ ਦਾ ਕੰਮ ਕਰਨ ਵਿੱਚ ਮਾਹਿਰ ਹੋ ਗਿਆ ਤੇ ਕਦੀ ਨਮੂਨੇ ਦੇ ਗਲੀਚੇ ਬੁਣ ਲੈਂਦਾ ਅਤੇ ਬਰੀਕ ਤੋਂ ਬਰੀਕ ਕੰਮ ਦਸਤਾਰਾਂ ਵੀ ਬੁਣ ਲੈਂਦਾ ਸੀ ਟਸਰ ਦਾ ਕਪੜਾ ਜੋ ਕੇ ਨਾਮਧਾਰੀਏ ਪਹਿਨਦੇ ਸਨ ਤਿਆਰ ਕਰਨ ਦਾ ਮਹਿਰ ਸੀ।

ਸ਼ਾਦੀ: ਪਹਿਲੀ ਸ਼ਾਦੀ ਹਸਨਪੁਰ ਨੇੜੇ ਘੜੂਆਂ ਵਿਖੇ ਹੋਈ ਜੋ ਕਿ ਕੁਝ ਸਮੇਂ ਪਿਛੋਂ ਅਕਾਲ ਚਲਾਣਾ ਕਰ ਗਈ ਤੇ ਦੂਜੀ ਸ਼ਾਦੀ ਸੀਹੋਂ ਮਾਜਰਾ ਨੇੜੇ ਕੁਰਾਲੀ ਹੋਈ ਉਹ ਵੀ ਕੁਝ ਸਮੇਂ ਪਿਛੋ ਸਰੀਰ ਤਿਆਗ ਗਈ ਉਸ ਪਿਛੋਂ ਸ੍ਰ: ਬਖਸ਼ੀਸ਼ ਸਿੰਘ ਕੁਝ ਉਦਾਸ ਰਹਿਣ ਲੱਗ ਗਏ ਕੰਮ ਕਾਰ ਵਿੱਚ ਰੁੱਚੀ ਘੱਟ ਗਈ।

ਸ੍ਰ: ਬਖਸ਼ੀਸ਼ ਸਿੰਘ ਦੀਆਂ ਦੋ ਭੂਆ ਸਨ ਇਕ ਚਨਾਲੋਂ ਨੇੜੇ ਕੁਰਾਲੀ ਤੇ ਦੂਜੀ ਕਾਈਨੌਰ ਨੇੜੇ ਮੋਰਿੰਡਾ ਸਨ ਕਾਈਨੌਰ ਵਾਲੀ ਭੂਆ ਦੇ ਦੋ ਪੁੱਤਰ ਸ: ਕਰਤਾਰ ਸਿੰਘ, ਸ: ਬਹਾਲ ਸਿੰਘ ਸਨ ਦੋ ਧੀਆਂ ਜੋ ਕੇ ਕਾਲੇ ਵਾਲ ਦੇ ਸ: ਕ੍ਰਿਪਾ ਸਿੰਘ ਤੇ ਸ: ਰਾਮ ਸਿੰਘ ਦੋਨੋਂ ਭਰਾਵਾਂ ਨੂੰ ਦੋਨੋਂ ਭੈਣਾਂ ਦੀ ਸ਼ਾਦੀ ਕੀਤੀ ਇਹ ਕਾਲੇ ਵਾਲ ਨੇੜੇ ਕੁਰਾਲੀ ਤੋਂ ਜਿਲ੍ਹਾ ਲੈਲਪੁਰ 39 ਚੱਕ ਬਾਰ ਵਿਚ ਚਲੇ ਗਏ ਤੇ ਉਥੇ ਚੰਗਾ ਕਾਰੋਬਾਰ ਆਰੰਭ ਦਿੱਤਾ ਸ: ਕ੍ਰਿਪਾ ਸਿੰਘ ਦੇ ਘਰ ਪੰਜ ਪੁੱਤਰਾ ਨੇ ਜਨਮ ਲਿਆ ਤੇ ਚੰਗੇ ਦਰਜੀ (ਟੇਲਰ) ਦਾ ਕੰਮ ਕਰਦੇ ਰਹੇ ਜੋ ਦੇਸ ਦੀ ਵੰਡ ਪਿਛੋਂ ਬੱਸੀ ਪਠਾਣਾਂ ਆ ਗਏ ਏਥੇ ਭੀ ਦਰਜ਼ੀ ਦਾ ਕੰਮ ਕਰਦੇ ਰਹੇ ਛੋਟੇ ਰਾਮ ਸਿੰਘ ਦੇ ਕੋਈ ਸੰਤਾਨ ਨਹੀਂ ਸੀ ਉਹ ਡਰਾਇਵਰੀ ਹੀ ਕਰਦਾ ਸੀ। ਉਹ ਵੀ ਬੱਸੀ ਪਠਾਣਾਂ ਵੱਡੇ ਭਰਾ ਕ੍ਰਿਪਾ ਸਿੰਘ ਦੇ ਨਾਲ ਬੱਸੀ ਹੀ ਆ ਗਿਆ 1923, "24 ਸਾਲ ਵਿੱਚ ਇਨ੍ਹਾਂ ਦੋਨਾਂ ਭੈਣਾਂ ਨੇ ਸ. ਬਖਸ਼ੀਸ਼ ਸਿੰਘ ਨੂੰ ਉਦਾਸ ਦੇਖ ਕੇ ਆਪ ਪਾਸ ਬਾਰ 39 ਚੌਕ (ਪਾਕਿਸਤਾਨ) ਵਿਖੇ ਲੈ ਗਈਆਂ ਉਥੇ ਹੀ ਦਰਜ਼ੀ ਦਾ ਕੰਮ ਆਪਣੇ ਮੁੰਡਿਆਂ ਨਾਲ ਕਰਨ ਲਾ ਦਿੱਤਾ ਜੋ ਕਿ ਤਿੰਨ ਚਾਰ ਸਾਲ ਰਹਿ ਕੇ ਚੰਗੇ ਦਰਜੀ ਬਣ ਗਿਆ ਤੇ ਪਿੰਡ ਕਲੌੜ ਵਾਪਸ ਆ ਗਿਆ ਤੇ ਦਰਜ਼ੀ ਦਾ ਕੰਮ ਆਰੰਭ ਦਿੱਤਾ।

ਵਿਆਹ: ਸ੍ਰ: ਬਲਮ ਸਿੰਘ ਧਾਲੀਵਾਲ ਮਕੜੌਨਾ ਕਲਾਂ ਦੀਆਂ ਦੋ ਧੀਆਂ ਸਨ ਵੱਡੀ ਲੜਕੀ ਬਚਨ ਕੌਰ ਨਾਲ ਸ਼ਾਦੀ ਹੋ ਗਈ ਜਿਨ੍ਹਾਂ ਦੀ ਕੁੱਖੋਂ 1929 ਵਿੱਚ ਸ. ਤੀਰਥ ਸਿੰਘ ਪੁੱਤਰ ਨੇ ਜਨਮ ਲਿਆ। ਸ. ਬਲਮ ਸਿੰਘ ਦੀ ਦੂਜੀ ਲੜਕੀ ਰਾਜ ਕੌਰ ਦੀ ਸ਼ਾਦੀ ਹੋਰ ਜਗ੍ਹਾ ਹੋ ਗਈ ਤੇ ਕੁਝ ਸਮੇਂ ਪਿਛੋਂ ਉਸ ਦਾ ਪਤੀ ਚਲਾਣਾ ਕਰ ਗਿਆ ਤੇ ਰਾਜ

ਬਾਕੀ ਸਫ਼ਾ 7 'ਤੇ

IF UN-DELIVERED PLEASE RETURN TO:- BHAI DIT SINGH PATRIKA, # 712 APC, KAJHERI, CHANDIGARH - 160036